People's Herald



# "ਇਕੁਐਲਿਟੀ ਐਂਡ ਜਸਟਿਸ"

Rs- 100/month

https://www.facebook.com/profile.php?id=161037521061610

"Equality and Justice"

स्वतंत्रता, समानता, भाईचारा

People's Herald



PATIALA On line paper 07 ਅਪਰੈਲ 2025 ਸੋਮਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

**ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ**



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ





**ਬਾਬਾ ਸਾਹਿਬ ਦੀ ਉਗਲੀ ਦਾ ਇਸ਼ਾਰਾ ਰੱਬ ਵੱਲ ਨਹੀ, ਇਹ ਸ਼ਰਾਰਤ ਨਾਲ ਬਣਾਈ ਗਈ ਫੋਟੋ ਹੈ ਬਾਬਾ ਸਾਹਿਬ ਦੀ ਉੱਗਲੀ ਦਾ ਇਸ਼ਾਰਾ ਸੰਸਦ ਵੱਲ ਹੈ, ਇਹ ਹੀ ਫੋਟੋ ਸਹੀ ਹੈ। ਸਹੀ ਫੋਟੋ ਹੀ 14 ਅਪਰੈਲ ਦੇ ਜਾ ਹੋਰ ਪ੍ਰੋਗਰਾਮਾਂ ਲਈ ਵਰਤੀ ਜਾਵੇ, ਸਭ ਨੂੰ ਬੇਨਤੀ**

## ਪੰਜਾਬ ਦੀਆਂ ਮੰਡੀਆਂ ਕਿਸਾਨਾਂ ਦੇ ਸਵਾਗਤ ਲਈ ਤੱਤਪਰ – ਲਾਲ ਚੰਦ ਕਟਾਰੂਚੱਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਸੂਬਾ ਸਰਕਾਰ ਪੰਜਾਬ ਭਰ ਦੀਆਂ 1,864 ਅਨਾਜ ਮੰਡੀਆਂ ਵਿੱਚ ਕਿਸਾਨਾਂ ਦੇ ਸਵਾਗਤ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਕਣਕ ਦੀ ਖਰੀਦ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਸਾਫ਼-ਸਫ਼ਾਈ, ਬਾਰਦਾਨੇ, ਪੱਖੇ, ਆਵਾਜਾਈ ਅਤੇ ਰਿਹਾਇਸ਼ ਦੇ ਪ੍ਰਬੰਧਾਂ ਦਾ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ ਅਤੇ ਕਿਸਾਨਾਂ ਨੂੰ ਆਪਣੀ ਪੁੱਤਾਂ ਵਾਂਗੀ ਵਾਲੀ ਕਣਕ ਵੇਚਣ ਸਮੇਂ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਖਰੀਦ ਕਾਰਜ਼ਾਂ 'ਚ ਲੱਗੇ ਸਟਾਫ ਨੂੰ ਕੋਈ ਵੀ ਛੁੱਟੀ ਨਹੀਂ ਦਿੱਤੀ ਜਾਵੇਗੀ ਜਦੋਂ ਤੱਕ ਕਿ



ਕੋਈ ਠੋਸ ਕਾਰਨ ਨਾ ਹੋਵੇ ਅਤੇ ਉਨ੍ਹਾਂ ਨੂੰ ਕਿਸਾਨਾਂ ਦੀ ਸਹੂਲਤ ਲਈ ਅਨਾਜ ਮੰਡੀਆਂ ਵਿੱਚ ਮੌਜੂਦ ਰਹਿਣਾ ਹੋਵੇਗਾ।

ਐਤਵਾਰ ਨੂੰ ਇੱਥੇ ਲੁਧਿਆਣਾ, ਮੋਗਾ, ਫਰੀਦਕੋਟ, ਫਿਰੋਜ਼ਪੁਰ ਅਤੇ ਬਰਨਾਲਾ ਜ਼ਿਲਿਆਂ ਦੇ ਅਧਿਕਾਰੀਆਂ ਨਾਲ ਤਿਆਰੀਆਂ ਦਾ ਜਾਇਜ਼ਾ ਲੈਣ ਤੋਂ ਬਾਅਦ ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਨੇ ਮੌਜੂਦਾ ਕਣਕ ਖਰੀਦ ਸੀਜ਼ਨ ਦੌਰਾਨ 8 ਲੱਖ ਤੋਂ ਵੱਧ ਕਿਸਾਨਾਂ ਦੀ ਮਦਦ ਲਈ ਪੁਖਤਾ ਪ੍ਰਬੰਧ ਕੀਤੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਇਸ ਸਾਲ ਕਣਕ ਦੀ ਬੰਪਰ ਵਾਢੀ ਹੋਣ ਦੀ ਉਮੀਦ ਹੈ ਅਤੇ 124 ਲੱਖ ਮੀਟ੍ਰਿਕ ਟਨ ਕਣਕ ਖਰੀਦਣ ਦਾ ਟੀਚਾ ਹੈ। ਉਨ੍ਹਾਂ ਇਹ ਵੀ ਸਾਂਝਾ ਕੀਤਾ ਕਿ ਸੂਬੇ ਨੇ 28,894 ਕਰੋੜ ਰੁਪਏ ਕੈਸ਼ ਕ੍ਰੈਡਿਟ ਲਿਮਿਟ ਦਾ ਪ੍ਰਬੰਧ ਕੀਤਾ ਹੈ ਅਤੇ ਬਹੁਤ ਸਾਰੀ ਸਟੋਰੇਜ ਸਪੇਸ ਅਤੇ ਕੰਟੇਨਰਾਂ ਦੇ ਨਾਲ ਲੋੜੀਂਦਾ 99 ਫੀਸਦ ਬਾਰਦਾਨੇ ਨੂੰ ਪ੍ਰਾਪਤ ਕਰਨ ਵਿੱਚ ਵੀ ਕਾਮਯਾਬ ਰਿਹਾ ਹੈ।

ਕੈਬਨਿਟ ਮੰਤਰੀ ਕਟਾਰੂਚੱਕ ਨੇ ਇਹ ਵੀ ਦੱਸਿਆ ਕਿ ਵਾਢੀ ਨੂੰ ਸੰਭਾਲਣ ਲਈ, ਰਾਜ ਨੇ ਨਿਯਮਤ ਖਰੀਦ ਕੇਂਦਰਾਂ ਤੋਂ ਇਲਾਵਾ 600 ਅਸਥਾਈ ਖਰੀਦ ਕੇਂਦਰ ਵੀ ਸਥਾਪਤ ਕੀਤੇ ਹਨ ਅਤੇ ਕਿਸਾਨਾਂ ਨਾਲ ਵਾਅਦਾ ਕੀਤਾ ਹੈ ਕਿ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) 2,425 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਉਨ੍ਹਾਂ ਦੀਆਂ ਅਦਾਇਗੀਆਂ ਉਨ੍ਹਾਂ ਦੀ ਕਣਕ ਵੇਚਣ ਦੇ 24 ਘੰਟਿਆਂ ਦੇ ਅੰਦਰ-ਅੰਦਰ ਉਨ੍ਹਾਂ ਦੇ ਖਾਤਿਆਂ ਵਿੱਚ ਪਾ ਦਿੱਤੀਆਂ ਜਾਣਗੀਆਂ.

ਕੈਬਨਿਟ ਮੰਤਰੀ ਨੇ ਸਪੱਸ਼ਟ ਕੀਤਾ ਕਿ ਸੂਬਾ ਸਰਕਾਰ ਕਿਸਾਨਾਂ ਵੱਲੋਂ ਲਿਆਏ ਗਏ ਇੱਕ-ਇੱਕ ਦਾਣੇ ਨੂੰ ਖਰੀਦਣ ਲਈ ਵਚਨਬੱਧ ਹੈ ਅਤੇ ਉਹ ਇਸ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸਮੀਖਿਆ ਮੀਟਿੰਗ ਵਿੱਚ ਕਟਾਰੂਚੱਕ ਨੇ ਕਿਸਾਨਾਂ ਲਈ ਮੰਡੀਆਂ ਵਿੱਚ ਸਾਫ-ਸਫਾਈ, ਪੀਣ ਵਾਲੇ ਪਾਣੀ, ਰੋਸ਼ਨੀ ਅਤੇ ਛਾਂਦਾਰ ਥਾਵਾਂ ਵਰਗੀਆਂ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਪੂਰੇ ਸੀਜ਼ਨ ਦੌਰਾਨ ਮੰਡੀਆਂ ਵਿੱਚ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਮੰਡੀਆਂ ਵਿੱਚ ਫਸਟ ਏਡ ਮੈਡੀਕਲ ਕਿੱਟਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ।

## ਵਿਸ਼ਵ ਮੁੱਕੇਬਾਜ਼ੀ ਕੱਪ: ਭਾਰਤੀ ਮੁੱਕੇਬਾਜ਼ਾਂ ਨੇ ਛੇ ਤਗ਼ਮੇ ਜਿੱਤੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

ਭਾਰਤੀ ਮੁੱਕੇਬਾਜ਼ਾਂ ਨੇ ਬ੍ਰਾਜ਼ੀਲ ਵਿੱਚ ਕਰਵਾਏ ਗਏ ਵਿਸ਼ਵ ਮੁੱਕੇਬਾਜ਼ੀ ਕੱਪ ਵਿੱਚ ਆਪਣੀ ਮੁਹਿੰਮ ਦਾ ਅੰਤ ਹਿਤੇਸ਼ ਦੇ ਸੋਨ ਤਗ਼ਮੇ ਸਮੇਤ ਛੇ ਤਗ਼ਮੇ ਜਿੱਤੇ ਹਨ। ਭਾਰਤ ਵਿਸ਼ਵ ਮੁੱਕੇਬਾਜ਼ੀ ਵੱਲੋਂ ਕਰਵਾਏ ਗਏ ਕਿਸੇ ਉੱਚ-ਪੱਧਰੀ ਕੌਮਾਂਤਰੀ ਮੁਕਾਬਲੇ ਵਿੱਚ ਪਹਿਲੀ ਵਾਰ



ਹਿੱਸਾ ਲੈ ਰਿਹਾ ਸੀ। ਹਿਤੇਸ਼ ਵਿਸ਼ਵ ਮੁੱਕੇਬਾਜ਼ੀ ਕੱਪ ਵਿੱਚ ਸੋਨ ਤਗ਼ਮਾ ਜਿੱਤਣ ਵਾਲਾ ਪਹਿਲਾ ਭਾਰਤੀ ਮੁੱਕੇਬਾਜ਼ ਬਣ ਗਿਆ ਹੈ। ਉਸ ਦਾ ਵਿਰੋਧੀ ਇੰਗਲੈਂਡ ਦਾ ਓਡੇਲ ਕਮਾਰਾ ਜ਼ਖਮੀ ਹੋਣ ਕਾਰਨ 70 ਕਿਲੋ ਭਾਰ ਵਰਗ ਦੇ ਫਾਈਨਲ ਲਈ ਰਿੰਗ ਵਿੱਚ ਉੱਤਰ ਹੀ ਨਹੀਂ ਸਕਿਆ।

ਭਾਰਤੀ ਮੁੱਕੇਬਾਜ਼ ਅਭਿਨਾਸ਼ ਜਾਮਵਾਲ ਨੇ ਵੀ 65 ਕਿਲੋ ਭਾਰ ਵਰਗ ਦੇ ਫਾਈਨਲ ਵਿੱਚ ਜਗ੍ਹਾ ਬਣਾਈ ਸੀ ਪਰ ਸਥਾਨਕ ਦਾਅਵੇਦਾਰ ਯੂਰੀ ਰੀਸ ਨੂੰ ਸਖ਼ਤ ਟੱਕਰ ਦੇਣ ਦੇ ਬਾਵਜੂਦ ਉਸ ਨੂੰ ਚਾਂਦੀ ਦੇ ਤਗਮੇ ਨਾਲ ਸਬਰ ਕਰਨਾ ਪਿਆ। ਇਸ ਤੋਂ ਇਲਾਵਾ ਭਾਰਤ ਦੇ ਜਾਦੂਮਨੀ ਸਿੰਘ (50 ਕਿਲੋ), ਮਨੀਸ਼ ਰਾਠੌਰ (55 ਕਿਲੋ), ਸਚਿਨ (60 ਕਿਲੋ) ਅਤੇ ਵਿਸ਼ਾਲ (90 ਕਿਲੋਗ੍ਰਾਮ) ਨੇ ਕਾਂਸੇ ਦੇ ਤਗ਼ਮੇ ਜਿੱਤੇ। ਭਾਰਤ ਨੇ ਵਿਸ਼ਵ ਮੁੱਕੇਬਾਜ਼ੀ ਕੱਪ ਵਿੱਚ 10 ਮੈਂਬਰੀ ਟੀਮ ਉਤਾਰੀ ਸੀ। ਪੈਰਿਸ ਓਲੰਪਿਕ ਤੋਂ ਬਾਅਦ ਇਹ ਟੀਮ ਦਾ ਪਹਿਲਾ ਵੱਡਾ ਕੌਮਾਂਤਰੀ ਟੂਰਨਾਮੈਂਟ ਸੀ। -ਪੀਟੀਆਈ

## ਪੰਜਾਬ ਸਰਕਾਰ ਵੱਲੋਂ 97 ਆਈਪੀਐੱਸ ਅਧਿਕਾਰੀਆਂ ਦੇ ਤਬਾਦਲੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

ਪੰਜਾਬ ਸਰਕਾਰ ਨੇ ਪੁਲੀਸ ਪ੍ਰਸ਼ਾਸਨ ਵਿਚ ਵੱਡੀ ਪੱਧਰ 'ਤੇ ਫੇਰਬਦਲ ਕੀਤਾ ਹੈ। ਗ੍ਰਹਿ ਵਿਭਾਗ ਨੇ ਅੱਜ 97 ਆਈਪੀਐੱਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਹਨ ਜਿਨ੍ਹਾਂ ਵਿਚ ਜ਼ਿਆਦਾ ਬਦਲੀਆਂ ਐੱਸਪੀਜ਼ ਦੀਆਂ ਹਨ। ਇਸੇ ਤਰ੍ਹਾਂ 65 ਡੀਐੱਸਪੀ ਬਦਲੇ ਗਏ ਹਨ। ਪੰਜਾਬ ਸਰਕਾਰ ਨੇ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਤਹਿਤ ਇਹ ਅਧਿਕਾਰੀ ਬਦਲੇ ਹਨ।

# ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਸਵਾਲ ਕਰਨ ਵਾਲੇ ਕਿਸਾਨ ਆਗੂ ਨੂੰ ਨਿਆਂਇਕ ਹਿਰਾਸਤ 'ਚ ਭੇਜਿਆ

## ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਮੰਗਲਵਾਰ ਨੂੰ ਪਿੰਡ ਡੋਡਾ 'ਚ ਕਿਸਾਨ ਇਕੱਠ ਦੀ ਤਿਆਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

ਸਥਾਨਕ ਅਨਾਜ ਮੰਡੀ ਵਿਚ ਜ਼ਿਲ੍ਹਾ ਪੱਧਰ ਦੇ ਕਿਸਾਨ ਸਿਖਲਾਈ ਕੈਂਪ ਦੌਰਾਨ ਸੂਬੇ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਜਨਤਕ ਤੌਰ 'ਤੇ ਸਵਾਲ ਪੁੱਛਣ ਵਾਲੇ ਭਾਰਤੀ ਕਿਸਾਨ ਯੂਨੀਅਨ (ਏਕਤਾ ਸਿੱਧੂਪੁਰ) ਦੇ ਜੱਸੇਆਣਾ ਪਿੰਡ ਦੇ ਕਿਸਾਨ ਆਗੂ ਨਿਰਮਲ ਸਿੰਘ ਸਿੱਧੂ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ।

ਕਿਸਾਨ ਆਗੂ ਨੂੰ ਸ਼ਨਿੱਚਰਵਾਰ ਨੂੰ ਇਹਤਿਆਤ ਵਜੋਂ ਹਿਰਾਸਤ ਵਿਚ ਲੈ



ਲਿਆ ਗਿਆ ਸੀ। ਨਿਰਮਲ ਸਿੰਘ ਨੂੰ ਸਬ-ਡਿਵੀਜ਼ਨਲ ਮੈਜਿਸਟਰੇਟ ਕੋਲ ਪੇਸ਼ ਕੀਤਾ ਗਿਆ, ਜਿਨ੍ਹਾਂ ਉਸ ਨੂੰ ਰਿਮਾਂਡ ਤਹਿਤ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ।

ਕੁਝ ਕਿਸਾਨਾਂ ਨੇ ਕਿਹਾ ਕਿ ਨਿਰਮਲ ਸਿੰਘ ਨੇ ਝੋਨੇ ਦੀ ਹਾਈਬ੍ਰਿਡ ਕਿਸਮ ਨੂੰ ਲੈ ਕੇ ਫ਼ਿਕਰ ਜਤਾਏ ਸਨ, ਪਰ ਪੁਲੀਸ ਨੇ ਕਿਸਾਨ ਆਗੂ ਨੂੰ ਰੋਕ ਲਿਆ ਅਤੇ ਹਿਰਾਸਤ ਵਿੱਚ ਲੈ ਲਿਆ। ਮਗਰੋਂ ਕਿਸਾਨ ਆਗੂ ਨੇ ਕਿਸਾਨਾਂ ਦੀ ਆਵਾਜ਼ ਦਬਾਉਣ ਲਈ ਸੂਬਾ ਸਰਕਾਰ ਦੀ ਨਿੰਦਾ ਕਰਦੇ ਹੋਏ ਕੁਝ ਨਾਅਰੇ ਵੀ ਲਗਾਏ।

ਇਸ ਦੌਰਾਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਮੰਗਲਵਾਰ ਨੂੰ ਇੱਥੋਂ ਦੇ ਪਿੰਡ ਡੋਡਾ ਵਿਚ ਕਿਸਾਨ ਇਕੱਠ ਦੀ ਯੋਜਨਾ ਬਣਾਈ ਹੈ।

ਇੱਕ ਪੁਲੀਸ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਕਿਸਾਨ ਆਗੂ ਨਿਰਮਲ ਸਿੰਘ ਨੇ ਜਨਤਕ ਪ੍ਰੋਗਰਾਮ, ਜਿਸ ਨੂੰ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਸੰਬੋਧਨ ਕਰ ਰਹੇ ਸਨ, ਦੌਰਾਨ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਅਧਿਕਾਰੀ ਨੇ ਕਿਹਾ, "ਨਿਰਮਲ ਸਿੰਘ ਨੂੰ ਇਹਤਿਆਤ ਵਜੋਂ ਹਿਰਾਸਤ ਵਿੱਚ ਲੈ ਲਿਆ ਗਿਆ। ਮਗਰੋਂ ਐੱਸਡੀਐੱਮ ਦੀ ਕੋਰਟ ਨੇ ਕਿਸਾਨ ਆਗੂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ।"




# ਕੇਂਦਰੀ ਮੰਤਰੀ ਬਿੱਟੂ ਦੀ ਅਪੀਲ ਦੇ ਤੁਰੰਤ ਬਾਅਦ ਕਿਸਾਨ ਲੀਡਰ ਡੱਲੇਵਾਲ ਨੇ 131 ਦਿਨ ਬਾਅਦ ਤੋੜਿਆ ਮਰਨ ਵਰਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

ਮੀਡੀਆ ਪੀਬੀਐਨ ਦੀ ਖਬ ਅਨੁਸਾਰ, ਕੇਂਦਰੀ ਮੰਤਰੀ ਰਵਨੀਤ ਬਿੱਟੂ ਦੀ ਅਪੀਲ ਦੇ ਤੁਰੰਤ ਬਾਅਦ ਅੱਜ ਕਿਸਾਨ ਲੀਡਰ ਜਗਜੀਤ ਸਿੰਘ ਡੱਲੇਵਾਲ ਦੇ ਵੱਲੋਂ ਆਪਣਾ ਮਰਨ ਵਰਤ ਤੋੜ ਦਿੱਤਾ ਗਿਆ ਹੈ। ਉਹ ਕਰੀਬ 5 ਮਹੀਨਿਆਂ ਤੋਂ ਮਰਨ ਵਰਤ ਤੇ ਬੈਠੇ ਹੋਏ ਸਨ।

ਪੰਜਾਬ ਸਰਕਾਰ ਨੇ ਸ਼ੰਭੂ ਖਨੋਰੀ ਮੋਰਚੇ ਨੂੰ ਕੁਝ ਦਿਨ ਪਹਿਲਾਂ ਹੀ ਖਤਮ ਕਰਵਾ ਦਿੱਤਾ ਸੀ, ਜਿਸ ਤੋਂ ਬਾਅਦ ਵੀ ਡਲੇਵਾਲ ਦਾ ਮਰਨ ਵਰਤ ਜਾਰੀ ਸੀ, ਹਾਲਾਂਕਿ ਉਹਨਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਅਤੇ ਬੀਤੇ ਦਿਨੀ ਉਹਨਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਸੀ ਜਿਸ ਤੋਂ ਬਾਅਦ ਉਹਨਾਂ ਨੇ ਐਲਾਨ ਇਹ ਵੀ ਕੀਤਾ ਸੀ ਕਿ ਉਹਨਾਂ ਦਾ ਮਰਨ ਵਰਤ ਜਾਰੀ ਰਹੇਗਾ।

ਪਰ ਅੱਜ ਉਹ ਇੱਕ ਪ੍ਰੋਗਰਾਮ ਵਿੱਚ ਪਹੁੰਚੇ, ਜਿੱਥੇ ਉਹ ਵੀਲ ਚੇਅਰ 'ਤੇ ਬੈਠੇ ਹੋਏ ਸਨ ਅਤੇ ਉਹਨਾਂ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਉਹ ਆਪਣਾ ਮਰਨ ਵਰਤ ਅੱਜ ਤੋਂ ਖਤਮ ਕਰਨ ਜਾ ਰਹੇ ਹਨ, ਪਰ ਉਹਨਾਂ ਦਾ ਸੰਘਰਸ਼ ਜਾਰੀ ਰਹੇਗਾ।

ਡਲੇਵਾਲ ਨੇ ਮਰਨ ਵਰਤ 26 ਨਵੰਬਰ 2024 ਨੂੰ ਰੱਖਿਆ ਸੀ। ਡਲੇਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੇਂਦਰ ਸਰਕਾਰ ਦੇ ਨਾਲ ਮੀਟਿੰਗਾਂ ਦਾ ਦੌਰ ਜਾਰੀ ਰਹੇਗਾ, ਹਾਲਾਂਕਿ ਪੰਜਾਬ ਸਰਕਾਰ ਦੇ ਨਾਲ ਉਹਨਾਂ ਨੇ ਨਰਾਜ਼ਗੀ ਜਤਾਈ ਹੈ, ਕਿਉਂਕਿ ਸਰਕਾਰ ਨੇ ਆਪਣੇ ਪੁਲਿਸ ਤੰਤਰ ਦੇ ਨਾਲ ਉਹਨਾਂ ਦਾ ਮੋਰਚਾ ਖਤਮ ਕਰਵਾ ਦਿੱਤਾ ਸੀ।

ਕੇਂਦਰੀ ਰੇਲਵੇ ਅਤੇ ਫੂਡ ਪ੍ਰੋਸੈਸਿੰਗ ਮੰਤਰੀ ਨੇ ਅੱਜ ਬਜ਼ੁਰਗ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਉਨ੍ਹਾਂ ਦੀ ਬੇਨਤੀ 'ਤੇ ਭੁੱਖ ਹੜਤਾਲ ਖਤਮ ਕਰਨ ਲਈ ਧੰਨਵਾਦ ਕੀਤਾ ਅਤੇ ਉਮੀਦ ਕੀਤੀ ਕਿ ਉਨ੍ਹਾਂ ਦਾ ਇਹ ਫੈਸਲਾ ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਕਾਰ ਸਦਭਾਵਨਾ ਅਤੇ ਵਿਸ਼ਵਾਸ ਪੈਦਾ ਕਰੇਗਾ।

ਬਿੱਟੂ ਨੇ ਕਿਹਾ ਕਿ ਕੇਂਦਰ ਨੇ ਹਮੇਸ਼ਾ ਦੇਸ਼ ਭਰ ਦੇ ਕਿਸਾਨਾਂ ਨਾਲ ਸੁਹਿਰਦ ਸਬੰਧ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਖਨੌਰੀ ਅਤੇ ਸ਼ੰਭੂ ਸਰਹੱਦਾਂ 'ਤੇ ਜੋ ਹੋਇਆ ਉਹ ਮੰਦਭਾਗਾ ਸੀ, ਅਤੇ 'ਆਪ' ਸਰਕਾਰ ਕਿਸਾਨਾਂ ਦੇ ਧਰਨੇ ਨੂੰ ਜ਼ਬਰਦਸਤੀ ਹਟਾਉਣ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਬਿੱਟੂ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਨਿਰਾਸ਼ ਕੀਤਾ ਹੈ, ਭਾਜਪਾ ਦੀ ਅਗਵਾਈ ਵਾਲੀ ਸਰਕਾਰ ਅੰਦੋਲਨਕਾਰੀ ਕਿਸਾਨਾਂ ਨਾਲ ਨਜਿੱਠਣ ਲਈ ਜ਼ਬਰਦਸਤੀ ਦੇ ਤਰੀਕਿਆਂ ਨੂੰ ਕਦੇ ਵੀ ਮਨਜ਼ੂਰੀ ਨਹੀਂ ਦੇਵੇਗੀ।

ਉਨ੍ਹਾਂ ਅੱਗੇ ਕਿਹਾ ਕਿ ਕੇਂਦਰ ਨੇ ਕਿਸਾਨਾਂ ਨੂੰ 4 ਮਈ ਨੂੰ ਮੀਟਿੰਗ ਲਈ ਸੱਦਾ ਦਿੱਤਾ ਹੈ ਅਤੇ ਅੰਤਿਮ ਹੱਲ ਤੱਕ ਪਹੁੰਚਣ ਤੱਕ ਗੱਲਬਾਤ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ 4 ਮਈ ਦੀ ਮੀਟਿੰਗ ਪਿਛਲੀਆਂ ਮੀਟਿੰਗਾਂ ਦੀ ਨਿਰੰਤਰਤਾ ਹੋਵੇਗੀ ਅਤੇ ਉਹ ਬਹੁਤ ਆਸ਼ਾਵਾਦੀ ਹਨ ਕਿ ਕੁਝ ਹੋਰ ਮੀਟਿੰਗਾਂ ਵਿੱਚ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦਾ ਵੱਡਾ ਮੁੱਦਾ ਹੱਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ



ਦੀ ਜ਼ਿੰਮੇਵਾਰੀ ਹੈ ਕਿ ਉਹ ਦੇਸ਼ ਭਰ ਦੇ ਕਿਸਾਨਾਂ ਦੇ ਹਿੱਤਾਂ ਦਾ ਧਿਆਨ ਰੱਖੇ।

ਉਨ੍ਹਾਂ ਕਿਹਾ ਕਿ ਐਮਐਸਪੀ ਕਮੇਟੀ ਦੇਸ਼ ਭਰ ਦਾ ਦੌਰਾ ਕਰ ਰਹੀ ਹੈ ਅਤੇ ਕਿਸਾਨਾਂ ਨਾਲ ਉਨ੍ਹਾਂ ਦੀਆਂ ਸਥਾਨਕ ਜ਼ਰੂਰਤਾਂ ਲਈ ਸੰਪਰਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਪ੍ਰਤੀ ਗੰਭੀਰ ਹੈ ਅਤੇ ਦੇਸ਼ ਵਿਆਪੀ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਕੇਂਦਰੀ ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਕੋਈ ਵੀ ਗ੍ਰਿਫ਼ਤਾਰੀ ਨਹੀਂ ਕੀਤੀ ਜਾਵੇਗੀ ਜਿਵੇਂ ਕਿ ਇਹ ਪੰਜਾਬ ਸਰਕਾਰ ਨੇ ਕੀਤੀ ਹੈ। ਕੇਂਦਰ ਕਿਸਾਨਾਂ ਨਾਲ ਆਪਸੀ ਵਿਸ਼ਵਾਸ ਬਣਾਉਣਾ ਚਾਹੁੰਦਾ ਸੀ।




# ਤਕਸ਼ਿਲਾ ਮਹਾਂਬੁੱਧ ਵਿਹਾਰ ਵਿਖੇ ਸਮਰਾਟ ਅਸ਼ੋਕ ਦਾ ਜਨਮ ਦਿਨ ਮਨਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

*ਸਮਰਾਟ ਅਸ਼ੋਕ ਇੱਕ ਬੋਧੀ ਰਾਜਾ -ਐਡਵੋਕੇਟ ਸਾਂਪਲਾ ਜਲੰਧਰ, 5 ਅਪ੍ਰੈਲ (ਪਰਮਜੀਤ ਜੱਸਲ)-ਪੰਜਾਬ ਬੁੱਧਿਸਟ ਸੋਸਾਇਟੀ (ਰਜਿ) ਵਲੋਂ ਤਕਸ਼ਿਲਾ ਮਹਾਂਬੁੱਧ ਮਹਾਂਵਿਹਾਰ ਵਿਖੇ ਸਮਰਾਟ ਅਸ਼ੋਕ ਦਾ 2329 ਵਾਂ ਜਨਮ ਦਿਨ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਐਡਵੋਕੇਟ ਹਰਭਜਨ ਸਾਂਪਲਾ



ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਨੇ ਕਿਹਾ ਕਿ ਮਹਾਰਾਜਾ ਅਸ਼ੋਕ ਇੱਕ ਪ੍ਰਸਿੱਧ ਭਾਰਤੀ ਬੋਧੀ ਰਾਜਾ ਸੀ ।ਜਿਸ ਨੇ ਬੁੱਧ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ 84 ਹਜ਼ਾਰ ਸਤੂਪ ਬਣਾਏ ਸਨ, ਜਿਨਾਂ ਵਿੱਚੋਂ ਬੋਧ ਗਯਾ ਦਾ ਨਾਂ ਬਹੁਤ ਪ੍ਰਸਿੱਧ ਹੈ ,ਜਿੱਥੇ ਤਥਾਗਤ ਬੁੱਧ ਨੂੰ ਪਿੱਪਲ ਦੇ ਦਰਖਤ ਹੇਠ ਗਿਆਨ ਦੀ ਪ੍ਰਾਪਤੀ ਹੋਈ ਸੀ। ਅਸ਼ੋਕ ਮਹਾਰਾਜਾ ਨੇ ਆਪਣੀ ਬੇਟੀ ਸੰਘਮਿੱਤਰਾ ਅਤੇ ਬੇਟੇ ਮਹਿੰਦਰ ਨੂੰ ਬੁੱਧ ਧੰਮ ਦੇ ਪ੍ਰਚਾਰ ਲਈ ਵਿਦੇਸ਼ਾਂ ਵਿੱਚ ਭੇਜਿਆ ਸੀ। ਭੰਤੇ ਦਰਸ਼ਨਦੀਪ ਬੋਧੀ ਅਤੇ ਭੰਤੇ ਪ੍ਰਗਿਆ ਬੋਧੀ ਜੀ ਨੇ ਬੁੱਧ ਵੰਦਨਾ , ਤ੍ਰੀਸ਼ਰਨ ਅਤੇ ਪੰਚਸ਼ੀਲ ਕੀਤਾ। ਸੁਸਾਇਟੀ ਨੇ ਇਹ ਵੀ ਫੈਸਲਾ ਕੀਤਾ ਕਿ 14 ਅਪ੍ਰੈਲ2025 ਨੂੰ ਡਾਕਟਰ ਬੀ. ਆਰ. ਅੰਬੇਡਕਰ ਜੀ ਜੈਅੰਤੀ ਸਵੇਰੇ 10 ਵਜੇ ਸ਼ਰਧਾ ਤੇ ਧੂਮਧਾਮ ਨਾਲ ਮਨਾਈ ਜਾਵੇਗੀ। ਇਸ ਵਿੱਚ ਰਾਮਦਾਸ ਗੁਰੂ , ਸ਼ਾਮ ਲਾਲ ਜੱਸਲ,ਪਰਗਣ ਬਿਲਗਾ ਬਸਪਾ ਲੀਡਰ ,ਡਾ.ਮਨੋਜ ਕੁਮਾਰ ਮੋਰੀਆ ਆਦਿ ਨੇ ਵੀ ਸੰਬੋਧਨ ਕੀਤਾ।

# ਚਿੱਟੇ ਸਮੇਤ ਫੜੀ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਨੇ ਉਗਲੇ ਕਈ ਰਾਜ਼, ਮਿਲਿਆ ਦੋ ਦਿਨ ਦਾ ਹੋਰ ਰਿਮਾਂਡ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

ਬਠਿੰਡਾ 'ਚ ਚਿੱਟੇ ਸਮੇਤ ਫੜੀ ਗਈ ਲੇਡੀ ਹੈੱਡ ਕਾਂਸਟੇਬਲ ਅਮਨਦੀਪ ਕੌਰ ਦਾ ਰਿਮਾਂਡ ਖਤਮ ਹੋਣ 'ਤੇ ਅੱਜ ਐਤਵਾਰ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਇੱਥੇ ਪੁਲਿਸ ਨੇ 7 ਦਿਨ ਦਾ ਰਿਮਾਂਡ ਮੰਗਿਆ ਪਰ ਰਿਮਾਂਡ ਸਿਰਫ 2 ਦਿਨ ਦਾ ਹੀ ਵਧਾਇਆ



ਗਿਆ।

ਅਮਨਦੀਪ ਨੂੰ ਸਖ਼ਤ ਸੁਰੱਖਿਆ ਹੇਠ ਅਦਾਲਤ ਵਿੱਚ ਲਿਆਂਦਾ ਗਿਆ। ਇਸ ਦੌਰਾਨ ਉਹ ਕਾਲੇ ਰੰਗ ਦੇ ਸੂਟ 'ਚ ਨਜ਼ਰ ਆਈ। ਉਸ ਨੇ ਆਪਣਾ ਚਿਹਰਾ ਚੁੰਨੀ ਨਾਲ ਢੱਕਿਆ ਹੋਇਆ ਸੀ। ਪੁਲੀਸ ਦਾ ਕਹਿਣਾ ਹੈ ਕਿ ਉਸ ਨੇ ਕਈ ਰਾਜ਼ ਉਗਲੇ ਹਨ, ਜਿਸ ਕਾਰਨ ਰਿਮਾਂਡ ਵਿੱਚ ਵਾਧਾ ਕੀਤਾ ਗਿਆ ਹੈ।

ਅਮਨਦੀਪ ਕੌਰ ਦੇ ਮਾਮਲੇ 'ਚ ਨਿੱਤ ਨਵੇਂ ਖੁਲਾਸੇ ਹੋ ਰਹੇ ਹਨ। ਜਦੋਂ ਤੋਂ ਅਮਨਦੀਪ ਕੌਰ ਫੜੀ ਗਈ ਹੈ, ਉਸ ਨੇ ਕਈ ਵਾਰ ਉੱਚ ਪੁਲਿਸ ਅਧਿਕਾਰੀਆਂ ਨਾਲ ਗੱਲ ਕਰਨ ਦੀ ਗੁਹਾਰ ਲਗਾਈ ਹੈ। ਅਮਨਦੀਪ ਦਾ ਦਾਅਵਾ ਹੈ ਕਿ ਉਸ ਨੂੰ ਇੱਕ ਸਾਜ਼ਿਸ਼ ਤਹਿਤ ਝੂਠਾ ਫਸਾਇਆ ਗਿਆ ਹੈ।

# ਮੋਹਾਲੀ 'ਚ 12ਵੀਂ ਜਮਾਤ ਦੇ ਵਿਦਿਆਰਥੀ ਨੇ ਸ਼ਾਪਿੰਗ ਮਾਲ ਦੀ ਚੌਥੀ ਮੰਜ਼ਿਲ ਤੋਂ ਛਾਲ ਮਾਰ ਕੇ ਦਿੱਤੀ ਜਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com



ਮੋਹਾਲੀ ਦੇ ਫੇਜ਼-11 ਸਥਿਤ ਬੇਸਟੇਕ ਸ਼ਾਪਿੰਗ ਮਾਲ ਦੀ ਚੌਥੀ ਮੰਜ਼ਿਲ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਨੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਉਸ ਨੇ ਕੁਝ ਦਿਨ ਪਹਿਲਾਂ ਹੀ 12ਵੀਂ ਦੀ ਪ੍ਰੀਖਿਆ ਦਿੱਤੀ ਸੀ। ਪਰ ਉਹ ਕੁਝ ਦਿਨਾਂ ਤੋਂ ਪ੍ਰੇਸ਼ਾਨ ਸੀ। ਉਹ ਆਪਣੇ ਪਰਿਵਾਰਕ ਮੈਂਬਰਾਂ ਨਾਲ ਵੀ ਘੱਟ ਹੀ ਗੱਲ ਕਰਦਾ ਸੀ।

ਮ੍ਰਿਤਕ ਦੀ ਪਛਾਣ ਅਭਿਜੀਤ ਵਜੋਂ ਹੋਈ ਹੈ। ਪੁਲੀਸ ਨੇ ਲਾਸ਼ ਨੂੰ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰਖਵਾਇਆ ਹੈ। ਲਾਸ਼ ਦਾ ਅੱਜ ਪੋਸਟਮਾਰਟਮ ਕੀਤਾ ਜਾਵੇਗਾ।

ਸ਼ਾਪਿੰਗ ਮਾਲ ਦੇ ਸੀਸੀਟੀਵੀ ਕੈਮਰਿਆਂ ਦੀ ਰਿਕਾਰਡਿੰਗ ਮੁਤਾਬਕ ਮੁੰਡਾ ਸਵੇਰੇ ਸਾਢੇ 9 ਵਜੇ ਸ਼ਾਪਿੰਗ ਮਾਲ ਪਹੁੰਚਿਆ ਸੀ। ਇਸ ਦੌਰਾਨ ਉਹ ਚੌਥੀ ਮੰਜ਼ਿਲ 'ਤੇ ਸਥਿਤ ਫੂਡ ਕੋਰਟ 'ਚ ਗਿਆ। ਜਿੱਥੇ ਉਸ ਨੇ ਪਾਣੀ ਦੀ ਬੋਤਲ ਵੀ ਖਰੀਦੀ। ਇਸ ਤੋਂ ਬਾਅਦ ਉਹ ਕੁਝ ਦੇਰ ਉੱਥੇ ਹੀ ਰੁਕਿਆ।

ਇਸ ਤੋਂ ਬਾਅਦ ਜਦੋਂ ਉਸ ਨੇ ਦੇਖਿਆ ਕਿ ਉੱਥੇ ਕੋਈ ਨਹੀਂ ਹੈ ਤਾਂ ਉਸ ਨੇ ਉੱਥੋਂ ਛਾਲ ਮਾਰ ਦਿੱਤੀ। ਹੇਠਾਂ ਡਿੱਗਦੇ ਹੀ ਸਾਰੇ ਹੈਰਾਨ ਰਹਿ ਗਏ। ਇਸ ਤੋਂ ਬਾਅਦ ਲੋਕ ਤੁਰੰਤ ਇਕੱਠੇ ਹੋ ਗਏ। ਪੁਲਿਸ ਨੂੰ ਸੂਚਨਾ ਦਿੱਤੀ ਗਈ। ਜਦੋਂ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਪਰਿਵਾਰ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦਾ ਲੜਕਾ ਫੇਜ਼ 11 ਦੇ ਇੱਕ ਨਾਮਵਰ ਪ੍ਰਾਈਵੇਟ ਸਕੂਲ ਵਿੱਚ 12ਵੀਂ ਜਮਾਤ ਵਿੱਚ ਪੜ੍ਹਦਾ ਸੀ ਅਤੇ ਉਸ ਦੀ ਪ੍ਰੀਖਿਆ ਖ਼ਤਮ ਹੋ ਚੁੱਕੀ ਸੀ। ਉਹ ਕੁਝ ਦਿਨਾਂ ਤੋਂ ਪ੍ਰੇਸ਼ਾਨ ਸੀ। ਘਰ ਵਿਚ ਵੀ ਉਹ ਚੁੱਪ ਰਹਿੰਦਾ ਸੀ। ਉਸ ਦਾ ਵਿਹਾਰ ਵੀ ਠੀਕ ਨਹੀਂ ਸੀ।

# ਸੰਗਰੂਰ ਚ ਵਾਪਰਿਆ ਦਰਦਨਾਕ ਹਾਦਸਾ, ਦੋ ਜਿਗਰੀ ਯਾਰਾਂ ਦੀ ਸੜਕ ਹਾਦਸੇ 'ਚ ਮੌਤ

## ਵਿਨੋਦ ਕੁਮਾਰ ਤੇ ਸ਼ੰਕਰ ਵਜੋਂ ਹੋਈ ਮ੍ਰਿਤਕਾਂ ਦੀ ਪਛਾਣ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com



ਜ਼ਿਲ੍ਹਾ ਸੰਗਰੂਰ ਦੇ ਸੁਨਾਮ ਉਧਮ ਸਿੰਘ ਵਾਲਾ ਵਿਚ ਇਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ। ਇਥੇ ਇਕ ਸੜਕ ਹਾਦਸੇ ਵਿਚ ਦੋ ਜਿਗਰੀ ਯਾਰਾਂ ਦੀ ਇਕੱਠਿਆਂ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਵਿਨੋਦ ਕੁਮਾਰ ਤੇ ਸ਼ੰਕਰ ਵਜੋਂ ਹੋਈ ਹੈ।

ਪੁਲਿਸ ਥਾਣਾ ਸ਼ਹਿਰੀ ਸੁਨਾਮ ਉਧਮ ਸਿੰਘ ਵਾਲਾ ਦੇ ਸਹਾਇਕ ਥਾਣੇਦਾਰ ਸ਼ਾਮ ਸਿੰਘ ਨੇ ਦੱਸਿਆ ਕਿ ਸੁਨਾਮ ਸ਼ਹਿਰ 'ਚ ਸੈਲੂਨ ਚਲਾਉਣ ਵਾਲੇ ਵਿਨੋਦ ਕੁਮਾਰ ਅਤੇ ਸ਼ੰਕਰ ਨਾਂਅ ਦੇ ਦੋ ਨੌਜਵਾਨ ਬੀਤੀ ਰਾਤ ਕਰੀਬ ਦਸ ਕੁ ਵਜੇ ਐਕਟਿਵਾ 'ਤੇ ਸ਼ਹਿਰੋਂ ਕੈਂਚੀਆਂ ਵਿਚ ਇਕ ਢਾਬੇ 'ਤੇ ਖਾਣਾ ਖਾਣ ਜਾ ਰਹੇ ਸਨ ਕਿ ਸਥਾਨਕ ਤਾਜ ਪੈਲੇਸ ਨੇੜੇ ਅੱਗਿਉਂ ਆ ਰਹੇ ਇਕ ਲੱਕੜ ਦੇ ਭਰੇ ਕੈਂਟਰ ਨੇ ਉਨ੍ਹਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਜਿਸ ਕਾਰਨ ਵਿਨੋਦ ਕੁਮਾਰ (27) ਦੀ ਮੌਕੇ 'ਤੇ ਮੌਤ ਹੋ ਗਈ ਜਦੋਂ ਕਿ ਗੰਭੀਰ ਰੂਪ ਵਿਚ ਜ਼ਖ਼ਮੀ ਹੋਇਆ ਸ਼ੰਕਰ (22) ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਗਿਆ। ਸਹਾਇਕ ਥਾਣੇਦਾਰ ਸ਼ਾਮ ਸਿੰਘ ਨੇ ਕਿਹਾ ਕਿ ਪੁਲਿਸ ਵਲੋਂ ਕੈਂਟਰ ਕਬਜ਼ੇ ਵਿਚ ਲੈ ਲਿਆ ਗਿਆ ਹੈ ਜਦੋਂ ਕਿ ਕੈਂਟਰ ਚਾਲਕ ਫ਼ਰਾਰ ਹੋ ਗਿਆ, ਜਿਸ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

# ਕੈਨੇਡਾ ਦੀ ਪਾਰਲੀਮੈਂਟ 'ਚ ਹਥਿਆਰਬੰਦ ਮਸ਼ਕੂਕ ਦਾਖ਼ਲ; ਕਈ ਘੰਟਿਆਂ ਦੀ ਮੁਸ਼ੱਕਤ ਮਗਰੋਂ ਕਾਬੂ

## ਕਿਸੇ ਜਾਨੀ ਨੁਕਸਾਨ ਤੋਂ ਬਚਾਅ; ਅਮਲੇ ਦੇ ਮੈਂਬਰਾਂ ਨੇ ਕਮਰਿਆਂ 'ਚ ਲੁਕ ਕੇ ਬਚਾਈ ਜਾਨ; ਕੈਨੇਡੀਅਨ ਪੁਲੀਸ ਵੱਲੋਂ ਅੱਜ ਪ੍ਰੈਸ ਕਾਨਫਰੰਸ ਕਰਕੇ ਦਿੱਤੀ ਜਾਵੇਗੀ ਮੁਕੰਮਲ ਜਾਣਕਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com



ਵੈਨਕੂਵਰ, 6 ਅਪਰੈਲ

Armed suspect enters Canadian Parliament ਓਟਵਾ ਵਿਚ ਕੈਨੇਡਾ ਦੀ ਪਾਰਲੀਮੈਂਟ ਦੇ ਈ-ਬਲਾਕ ਵਿਚ ਸ਼ਨਿੱਚਰਵਾਰ ਦੁਪਹਿਰੇ ਇਕ ਹਥਿਆਰਬੰਦ ਮਸ਼ਕੂਕ ਦਾਖ਼ਲ ਹੋ ਗਿਆ। ਕੈਨੇਡਿਆਈ ਪੁਲੀਸ ਨੇ ਹਾਲਾਂਕਿ ਕਈ ਘੰਟਿਆਂ ਦੀ ਮੁਸ਼ੱਕਤ ਮਗਰੋਂ ਮੁਲਜ਼ਮ ਨੂੰ ਕਾਬੂ ਕਰ ਲਿਆ। ਉਂਝ ਇਸ ਦੌਰਾਨ ਕਿਸੇ ਜਾਨੀ ਮਾਲੀ ਨੁਕਸਾਨ ਤੋਂ ਬਚਾਅ ਰਿਹਾ ਤੇ ਅਮਲੇ ਦੇ ਮੈਂਬਰਾਂ ਨੇ ਕਮਰਿਆਂ 'ਚ ਲੁਕ ਕੇ ਜਾਨ ਬਚਾਈ। ਪੁਲੀਸ ਨੇ ਕਿਹਾ ਕਿ ਇਸ ਪੂਰੀ ਘਟਨਾ ਬਾਰੇ ਐਤਵਾਰ ਨੂੰ ਪ੍ਰੈੱਸ ਕਾਨਫਰੰਸ ਸੱਦ ਵਿਸਥਾਰਤ ਜਾਣਕਾਰੀ ਦਿੱਤੀ ਜਾਵੇਗੀ।

ਜਾਣਕਾਰੀ ਅਨੁਸਾਰ ਹਥਿਆਰਬੰਦ ਵਿਅਕਤੀ ਦੁਪਹਿਰ ਪੌਣੇ ਤਿੰਨ ਵਜੇ ਦੇ ਕਰੀਬ ਸੰਸਦ ਦੇ ਈ ਬਲਾਕ ਵਿਚ ਦਾਖ਼ਲ ਹੋਇਆ। ਸੰਸਦੀ ਅਮਲੇ ਦੇ ਮੈਂਬਰ ਜਾਨ ਬਚਾਉਣ ਲਈ ਨਾਲ ਲੱਗਦੇ ਕਮਰਿਆਂ ਵਿੱਚ ਲੁਕ ਗਏ ਤੇ ਅੰਦਰੋਂ ਤਾਲੇ ਲਾ ਲਏ। ਉਧਰ ਪਾਰਲੀਮੈਂਟ ਪ੍ਰੋਟੈਕਟਿਵ ਸੇਵਾ ਦਲ ਨੂੰ ਹਫੜਾ ਦਫੜੀ ਪੈ ਗਈ ਤੇ ਇਸ ਦੌਰਾਨ ਪੁਲੀਸ ਵੀ ਮੌਕੇ 'ਤੇ ਪਹੁੰਚ ਗਈ।

ਅੰਦਰ ਫਸੇ ਲੋਕਾਂ ਨੂੰ ਹੋਰ ਦਰਵਾਜ਼ਿਆਂ ਰਾਹੀਂ ਬਾਹਰ ਕੱਢ ਕੇ ਇਮਾਰਤ ਖਾਲੀ ਕਰਵਾਈ ਗਈ। ਪੁਲੀਸ ਨੇ ਪਾਰਲੀਮੈਂਟ ਹਿੱਲ (ਸੰਸਦੀ ਭਵਨ) ਦੁਆਲੇ ਸਾਰੀਆਂ ਸੜਕਾਂ ਬੰਦ ਕਰ ਦਿੱਤੀਆਂ ਤੇ ਪਾਰਲੀਮੈਂਟ ਦੀ ਘੇਰਾਬੰਦੀ ਕਰ ਦਿੱਤੀ। ਪੁਲੀਸ ਨੇ ਹਥਿਆਰਬੰਦ ਮਸ਼ਕੂਕ ਨੂੰ ਬਾਹਰ ਆਉਣ ਲਈ ਕਈ ਚੇਤਾਵਨੀਆਂ ਵੀ ਦਿੱਤੀਆਂ। ਦੱਸ ਦੇਈਏ ਕਿ ਸੰਸਦ ਭਵਨ ਦੇ ਈ-ਬਲਾਕ ਵਿੱਚ ਸੈਨੇਟਰਾਂ ਤੇ ਉਨ੍ਹਾਂ ਦੇ ਸਹਾਇਕ ਅਮਲੇ ਦੇ ਦਫ਼ਤਰ ਹਨ। ਪੁਲੀਸ ਨੇ ਕਈ ਘੰਟਿਆਂ ਦੀ ਮੁਸ਼ੱਕਤ ਮਗਰੋਂ ਰਿਬੋਟ ਦੀ ਮਦਦ ਨਾਲ ਹਥਿਆਰਬੰਦ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਹੈ।

# ਪੇਂਡੂ ਖੇਤਰਾਂ 'ਚ ਆਧੁਨਿਕ ਸਹੂਲਤਾਂ ਨਾਲ ਲੈਸ 196 ਲਾਇਬ੍ਰੇਰੀਆਂ ਕਾਰਜਸ਼ੀਲ: ਤਰੁਨਪ੍ਰੀਤ ਸਿੰਘ ਸੌਂਦ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com



ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਨੂੰ ਹੋਰ ਹੁਲਾਰਾ ਦੇਣ ਅਤੇ ਉਨ੍ਹਾਂ ਨੂੰ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਭਾਈਵਾਲ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ 'ਪੇਂਡੂ ਲਾਇਬ੍ਰੇਰੀ ਯੋਜਨਾ' ਤਹਿਤ ਪੰਜਾਬ ਵਿੱਚ 196 ਲਾਇਬ੍ਰੇਰੀਆਂ ਪੇਂਡੂ ਖੇਤਰਾਂ ਵਿੱਚ ਸਫਲਤਾਪੂਰਕ ਚੱਲ ਰਹੀਆਂ ਹਨ। ਜਦਕਿ ਆਧੁਨਿਕ ਸਹੂਲਤਾਂ ਨਾਲ ਲੈਸ 135 ਹੋਰ ਲਾਇਬ੍ਰੇਰੀਆਂ ਦਾ ਕੰਮ ਪ੍ਰਗਤੀਅਧੀਨ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 15 ਅਗਸਤ, 2024 ਨੂੰ ਪਿੰਡ ਈਸੜੂ (ਖੰਨਾ) ਤੋਂ ਪੇਂਡੂ ਲਾਇਬ੍ਰੇਰੀ ਯੋਜਨਾ ਦੀ ਸ਼ੁਰੂਆਤ ਕੀਤੀ ਸੀ। ਮੁੱਖ ਮੰਤਰੀ ਨੇ ਇੱਥੇ ਬਣਾਈ ਪਹਿਲੀ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਅਤੇ ਸਕੂਲੀ ਬੱਚਿਆਂ ਨਾਲ ਗੱਲਬਾਤ ਕੀਤੀ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਸੁਪਨਾ ਹੈ ਕਿ ਇਹ ਪੇਂਡੂ ਲਾਇਬ੍ਰੇਰੀਆਂ ਸੂਬੇ ਦੇ ਵਿਕਾਸ ਅਤੇ ਖੁਸ਼ਹਾਲੀ ਦੇ ਧੁਰੇ ਵਜੋਂ ਕੰਮ ਕਰਨ। ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਵਿਕਸਤ ਕਰਨਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਲਾਇਬ੍ਰੇਰੀਆਂ ਨੌਜਵਾਨਾਂ ਦੀ ਕਿਸਮਤ ਬਦਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ, ਜੋ ਇੱਥੋਂ ਪੜ੍ਹ ਕੇ ਵੱਡੇ ਅਫ਼ਸਰ, ਵਿਗਿਆਨੀ, ਡਾਕਟਰ ਅਤੇ ਤਕਨੀਕੀ ਮਾਹਰ ਆਦਿ ਬਣਨਗੇ।

ਜ਼ਿਆਦਾ ਜਾਣਕਾਰੀ ਦਿੰਦਿਆਂ ਸੌਂਦ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ 4 ਲਾਇਬ੍ਰੇਰੀਆਂ ਕਾਰਜਸ਼ੀਲ ਹਨ, ਜਦਕਿ ਬਠਿੰਡਾ ਵਿੱਚ 29 ਲਾਇਬ੍ਰੇਰੀਆਂ ਚੱਲ ਰਹੀਆਂ ਹਨ। ਬਰਨਾਲਾ ਵਿੱਚ 6 ਲਾਇਬ੍ਰੇਰੀਆਂ ਕਾਰਜਸ਼ੀਲ ਹਨ ਤੇ 5 ਦਾ ਕੰਮ ਚੱਲ ਰਿਹਾ ਹੈ। ਇਸੇ ਤਰ੍ਹਾਂ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ 10 ਲਾਇਬ੍ਰੇਰੀਆ ਕਾਰਜਸ਼ੀਲ ਹਨ ਤੇ 2 ਦਾ ਕੰਮ ਪ੍ਰਗਤੀਅਧੀਨ ਹੈ, ਫਰੀਦਕੋਟ ਵਿੱਚ 5 ਕਾਰਜਸ਼ੀਲ ਤੇ 7 ਪ੍ਰਗਤੀਅਧੀਨ, ਫਾਜ਼ਿਲਕਾ ਵਿੱਚ 21 ਕਾਰਜਸ਼ੀਲ ਤੇ 9 ਪ੍ਰਗਤੀਅਧੀਨ ਅਤੇ ਫਿਰੋਜ਼ਪੁਰ ਵਿੱਚ 22 ਲਾਇਬ੍ਰੇਰੀਆ ਦਾ ਕੰਮ ਪ੍ਰਗਤੀਅਧੀਨ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 2 ਲਾਇਬ੍ਰੇਰੀਆਂ ਕਾਰਜਸ਼ੀਲ ਹਨ ਤੇ 13 ਦਾ ਕੰਮ ਚੱਲ ਰਿਹਾ ਹੈ। ਲੁਧਿਆਣਾ ਵਿੱਚ 15 ਕਾਰਜਸ਼ੀਲ ਤੇ 26 ਪ੍ਰਗਤੀਅਧੀਨ, ਮਾਨਸਾ ਵਿੱਚ 8 ਕਾਰਜਸ਼ੀਲ ਤੇ 10 ਪ੍ਰਗਤੀਅਧੀਨ, ਮਾਲੇਰਕੋਟਲਾ ਵਿੱਚ 6 ਕਾਰਜਸ਼ੀਲ ਤੇ 5 ਪ੍ਰਗਤੀਅਧੀਨ ਜਦਕਿ ਸ੍ਰੀ ਮੁਕਤਸਰ ਸਾਹਿਬ ਵਿੱਚ 6 ਲਾਇਬ੍ਰੇਰੀਆਂ ਦਾ ਕੰਮ ਪ੍ਰਗਤੀਅਧੀਨ ਹੈ। ਮੋਗਾ ਵਿੱਚ 13 ਲਾਇਬ੍ਰੇਰੀਆਂ ਕਾਰਜਸ਼ੀਲ ਤੇ 1 ਪ੍ਰਗਤੀਅਧੀਨ, ਪਟਿਆਲਾ ਵਿੱਚ 18 ਕਾਰਜਸ਼ੀਲ ਤੇ 11 ਪ੍ਰਗਤੀਅਧੀਨ, ਰੂਪਨਗਰ ਵਿੱਚ 12 ਕਾਰਜਸ਼ੀਲ ਤੇ 1 ਪ੍ਰਗਤੀਅਧੀਨ, ਸ਼ਹੀਦ ਭਗਤ ਸਿੰਘ ਨਗਰ ਵਿੱਚ 6 ਲਾਇਬ੍ਰੇਰੀਆਂ ਕਾਰਜਸ਼ੀਲ ਹਨ ਜਦਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ 12 ਲਾਇਬ੍ਰੇਰੀਆਂ ਪ੍ਰਗਤੀਅਧੀਨ ਹਨ।

ਪੰਚਾਇਤ ਮੰਤਰੀ ਨੇ ਅੱਗੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਵਿੱਚ ਸਭ ਤੋਂ ਜ਼ਿਆਦਾ 28 ਲਾਇਬ੍ਰੇਰੀਆਂ ਚੱਲ ਰਹੀਆਂ ਹਨ ਜਦਕਿ 5 ਲਾਇਬ੍ਰੇਰੀਆਂ ਦਾ ਕੰਮ ਪ੍ਰਗਤੀਅਧੀਨ ਹੈ। ਇਸੇ ਤਰ੍ਹਾਂ ਤਰਨਤਾਰਨ ਵਿੱਚ 11 ਅਤੇ ਜਲੰਧਰ ਜ਼ਿਲ੍ਹੇ ਵਿੱਚ 2 ਲਾਇਬ੍ਰੇਰੀਆਂ ਚੱਲ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਇਹ ਲਾਇਬ੍ਰੇਰੀਆਂ ਵਾਈ-ਫਾਈ, ਸੋਲਰ ਪਾਵਰ, ਡਿਜੀਟਲ ਐਨਾਲਾਗ ਅਤੇ ਹੋਰ ਉੱਚ ਪੱਧਰੀ ਸਹੂਲਤਾਂ ਨਾਲ ਲੈਸ ਹਨ। ਇਨ੍ਹਾਂ ਲਾਇਬ੍ਰੇਰੀਆਂ ਵਿੱਚ ਸਾਹਿਤਕ ਕਿਤਾਬਾਂ, ਵੱਖ-ਵੱਖ ਵਿਸ਼ਿਆਂ ਦੀਆਂ ਮਿਆਰੀ ਪੁਸਤਕਾਂ ਅਤੇ ਪਾਠਕ੍ਰਮ ਬਾਰੇ ਵਿਸ਼ਵ ਪੱਧਰੀ ਪੁਸਤਕਾਂ ਉਪਲੱਬਧ ਹਨ, ਜੋ ਸਿੱਖਣ ਲਈ ਅਨੁਕੂਲ ਤਜ਼ਰਬਾ ਪ੍ਰਦਾਨ ਕਰਦੀਆਂ ਹਨ।

# ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਪਿੰਡ ਜਨਸੂਹਾ ਮਾਮਲੇ ਦਾ ਖੁਦ ਨੋਟਿਸ ਲਿਆ; ਐਸ.ਐਸ.ਪੀ. ਤੋਂ ਮੰਗੀ ਰਿਪੋਰਟ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com



ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਅੱਜ ਪਟਿਆਲਾ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਨੂੰ ਪਿੰਡ ਜਨਸੂਹਾ, ਜ਼ਿਲ੍ਹਾ ਪਟਿਆਲਾ ਦੇ ਪਿੰਡ ਵਾਸੀਆਂ ਵੱਲੋਂ ਇੱਕ ਔਰਤ ਨਾਲ ਬੇਹੁਰਮਤੀ ਦੇ ਦੋਸ਼ਾਂ ਸਬੰਧੀ 7 ਅਪ੍ਰੈਲ, 2025 ਤੱਕ ਕਾਰਵਾਈ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਮੀਡੀਆ ਰਿਪੋਰਟਾਂ ਦਾ ਖੁਦ ਨੋਟਿਸ ਲੈਂਦਿਆਂ ਕਮਿਸ਼ਨ ਨੇ ਐਸ.ਪੀ. ਰੈਂਕ ਦੇ ਅਧਿਕਾਰੀ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਕਮਿਸ਼ਨ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਐਕਟ, 2001 ਦੀ ਧਾਰਾ 12 ਤਹਿਤ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਪੁਲਿਸ ਅਧਿਕਾਰੀਆਂ ਤੋਂ ਤੁਰੰਤ ਜਵਾਬ ਮੰਗਿਆ ਹੈ।

ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਔਰਤ ਨੂੰ ਪਰੇਸ਼ਾਨ ਕਰਨ ਜਾਂ ਬੇਲੋੜਾ ਦਬਾਅ ਪਾਏ ਜਾਣ ਦੀ ਸੂਰਤ ਵਿੱਚ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਚੇਅਰਪਰਸਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਔਰਤਾਂ ਲਈ ਨਿਆਂ ਨੂੰ ਯਕੀਨੀ ਬਣਾਉਣ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਆਪਣੀ ਵਚਨਬੱਧਤਾ 'ਤੇ ਦ੍ਰਿੜ੍ਹ ਹੈ ਅਤੇ ਕਮਿਸ਼ਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਧਮਕੀ, ਪਰੇਸ਼ਾਨੀ ਜਾਂ ਔਰਤਾਂ ਦੇ ਅਧਿਕਾਰਾਂ ਦੀ ਉਲੰਘਣਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਮੌਸਮ ਵਿਭਾਗ ਨੇ ਪੰਜਾਬ 'ਚ ਭਿਆਨਕ ਗਰਮੀ ਦਾ ਅਲਰਟ ਕੀਤਾ ਜਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

ਦੇਸ਼ ਭਰ ਵਿੱਚ ਤੇਜ਼ ਗਰਮੀ ਦਾ ਦੌਰ ਸ਼ੁਰੂ ਹੋ ਗਿਆ ਹੈ। ਦਿੱਲੀ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਪਾਰਾ ਲਗਾਤਾਰ ਵੱਧ ਰਿਹਾ ਹੈ। ਇਸ ਦੌਰਾਨ, ਮੌਸਮ ਵਿਭਾਗ ਨੇ ਤਾਜ਼ਾ ਅਪਡੇਟ ਦਿੱਤਾ ਹੈ। ਭਾਰਤੀ ਮੌਸਮ ਵਿਭਾਗ ਦੇ ਅਨੁਸਾਰ, ਆਉਣ ਵਾਲੇ ਹਫ਼ਤੇ ਵਿੱਚ ਤੇਜ਼ ਗਰਮੀ ਅਤੇ ਗਰਮੀ ਦੀ ਲਹਿਰ ਦੇਖੀ ਜਾਵੇਗੀ। ਮੌਸਮ ਵਿਭਾਗ ਦੀ ਤਾਜ਼ਾ ਭਵਿੱਖਬਾਣੀ ਅਨੁਸਾਰ, ਅਗਲੇ ਪੰਜ ਦਿਨਾਂ ਵਿੱਚ ਦਿੱਲੀ, ਹਰਿਆਣਾ, ਚੰਡੀਗੜ੍ਹ, ਪੰਜਾਬ, ਰਾਜਸਥਾਨ ਅਤੇ ਗੁਜਰਾਤ ਵਿੱਚ ਗਰਮੀ ਦੀ ਲਹਿਰ ਆਵੇਗੀ। ਇਸ ਤੋਂ ਇਲਾਵਾ, ਮੌਸਮ ਵਿਭਾਗ ਨੇ ਕਿਹਾ ਕਿ 6 ਤੋਂ 10 ਅਪ੍ਰੈਲ ਦੇ ਵਿਚਕਾਰ ਉੱਤਰ-ਪੂਰਬ ਦੇ ਕਈ ਰਾਜਾਂ ਅਤੇ ਪਹਾੜੀ ਇਲਾਕਿਆਂ ਵਿੱਚ ਮੀਂਹ, ਗਰਜ ਅਤੇ ਬਿਜਲੀ ਡਿੱਗਣ ਦੀ ਸੰਭਾਵਨਾ ਹੈ।

ਜੇਕਰ ਅਸੀਂ ਪਿਛਲੇ 24 ਘੰਟਿਆਂ ਦੇ ਮੌਸਮ 'ਤੇ ਨਜ਼ਰ ਮਾਰੀਏ, ਤਾਂ ਗੁਜਰਾਤ ਰਾਜ ਅਤੇ ਨਾਲ ਲੱਗਦੇ ਦੱਖਣ-ਪੱਛਮੀ ਰਾਜਸਥਾਨ ਦੇ ਵੱਖ-ਵੱਖ ਸਥਾਨਾਂ 'ਤੇ ਗਰਮੀ ਦੀ ਲਹਿਰ ਬਣੀ ਰਹੀ। ਇਸ

ਬਾਕੀ ਸਫ਼ਾ 8 ਤੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

**ਦੀਪਮਾਲਾ ਦੇ ਅਣਗਿਣਤ ਦੀਵੇ ਵਾਂਗ, ਸਾਡੀ ਟੀਮ ਛੋਟੀ ਹੋਣ ਦੇ ਬਾਵਜੂਦ ਹੋਰ ਟੀਮਾਂ ਦਾ ਮਾਰਗਦਰਸ਼ਨ ਕਰੇਗੀ।**

ਪੁਲਗਾਓਂ ਵਿੱਚ ਇੱਕ ਜਨਤਕ ਮੀਟਿੰਗ ਵਿੱਚ ਇਹ ਸੰਕਲਪ ਲਿਆ ਗਿਆ ਕਿ ਜਦੋਂ ਡਾ. ਬਾਬਾ ਸਾਹਿਬ ਅੰਬੇਡਕਰ ਚੋਣਾਂ ਲਈ ਭੰਡਾਰਾ ਆਉਣਗੇ ਤਾਂ ਅਛੂਤ ਸਮਾਜ ਦੇ ਲੋਕ ਆਪਣੀ ਇੱਕ ਦਿਨ ਦੀ ਤਨਖਾਹ ਇਕੱਠੀ ਕਰਨਗੇ ਅਤੇ ਉਨ੍ਹਾਂ ਨੂੰ ਲਗਭਗ ਪੰਜ ਹਜ਼ਾਰ



ਰੁਪਏ ਦਾ ਇੱਕ ਥੈਲੀ ਦੇਣਗੇ।

ਮਹਾਨ ਨਾਇਕ ਡਾ. ਬਾਬਾ ਸਾਹਿਬ, ਬਹੁਜਨਾਂਧਰਕ, ਬੇਮਿਸਾਲ ਦੇਸ਼ ਸੇਵਕ, ਜਿਨ੍ਹਾਂ ਦਾ ਮੱਧ ਭਾਰਤ ਦੇ ਪਿੰਡਾਂ ਦੇ ਲੋਕ ਕਈ ਦਿਨਾਂ ਤੋਂ ਇੰਤਜ਼ਾਰ ਕਰ ਰਹੇ ਹਨ, ਦਾ ਸ਼ੁਭ ਅਵਸਰ ਐਤਵਾਰ, 25 ਅਪ੍ਰੈਲ, 1954 ਨੂੰ ਵਰਧਾ ਜ਼ਿਲ੍ਹੇ ਦੇ ਪੁਲਗਾਓਂ ਵਿੱਚ ਨਚਨਗਾਓਂ ਰੋਡ ਪਾਵਰ ਹਾਉਸ ਦੇ ਸ਼ਾਨਦਾਰ ਮੈਦਾਨ ਵਿੱਚ ਹੋਵੇਗਾ। ਇਸ ਮੌਕੇ ਡਾ. ਬਾਬਾ ਸਾਹਿਬ ਨੂੰ ਪੰਜ ਹਜ਼ਾਰ ਰੁਪਏ ਦਾ ਬੈਗ ਦੇਣ ਦਾ ਫੈਸਲਾ ਪੁਲਗਾਓਂ ਨਗਰ ਅਨੁਸੂਚਿਤ ਜਾਤੀਆਂ ਫੈਡਰੇਸ਼ਨ ਦੀ ਅਗਵਾਈ ਹੇਠ ਲਿਆ ਗਿਆ। ਇਹ ਦੌਰਾ ਕਮੇਟੀ ਦੁਆਰਾ ਕੀਤਾ ਗਿਆ ਸੀ। ਇਸ ਲਈ ਇਸ ਸੁਨਹਿਰੇ ਮੌਕੇ ਦਾ ਲਾਭ ਉਠਾਉਂਦੇ ਹੋਏ ਹਰ ਅਛੂਤ ਭਰਾ-ਭੈਣ ਨੂੰ ਚਾਹੀਦਾ ਹੈ ਕਿ ਉਹ ਇਸ ਸ਼ੁਭ ਕਾਰਜ ਲਈ ਆਪਣੇ ਹੱਥਾਂ ਨਾਲ ਜਾਂ ਦੂਜਿਆਂ ਦੀ ਤਰਫੋਂ, ਆਪਣੀ ਖੁਸ਼ੀ ਨਾਲ, ਆਪਣੇ ਮਨ ਅਤੇ ਧਨ ਨਾਲ ਸਹਾਇਤਾ ਕਰਨ ਅਤੇ ਜਿਨ੍ਹਾਂ ਮਜ਼ਦੂਰਾਂ ਨੂੰ ਧਨ ਇਕੱਠਾ ਕਰਨ ਦਾ ਅਧਿਕਾਰ ਹੈ, ਉਨ੍ਹਾਂ ਦੇ ਅਧਿਕਾਰ ਪੱਤਰ ਨੂੰ ਵੇਖ ਕੇ ਉਨ੍ਹਾਂ ਨੂੰ ਆਪਣਾ ਧਨ ਦੇਣ। ਇਸ ਸ਼ੁਭ ਕਾਰਜ ਲਈ, ਸਾਰੇ ਪਾਸੇ ਦੇ ਲੋਕਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਡਾ. ਬਾਬਾ ਸਾਹਿਬ ਦੇ ਅੰਮ੍ਰਿਤ ਸਮਾਨ ਭਾਸ਼ਣ ਨੂੰ ਸੁਣਨ ਦਾ ਲਾਭ ਲੈਣਾ ਚਾਹੀਦਾ ਹੈ।

ਇਸ ਲਈ H.D. ਆਵਾਲੇ, ਪ੍ਰਬੰਧਕ ਅਤੇ ਸੁਪਰਵਾਈਜ਼ਿੰਗ ਸਕੱਤਰ, ਮੱਧ ਭਾਰਤ ਅਨੁਸੂਚਿਤ ਜਾਤੀ ਫੈਡਰੇਸ਼ਨ, ਨਾਗਪੁਰ ਅਤੇ ਆਗਮਨ ਰਿਸੈਪਸ਼ਨ ਕਮੇਟੀ, ਪੁਲਗਾਓਂ ਨੇ 3 ਅਪ੍ਰੈਲ, 1954 ਨੂੰ ਜਨਤਾ ਵਿੱਚ ਪ੍ਰਕਾਸ਼ਿਤ ਕੀਤਾ ਸੀ।

ਇਸ ਅਨੁਸਾਰ ਐਤਵਾਰ, 25 ਅਪ੍ਰੈਲ, 1954 ਨੂੰ ਪੁਲਗਾਓਂ (ਜ਼ਿਲ੍ਹਾ ਵਰਧਾ) ਵਿਖੇ ਮੱਧ ਪ੍ਰਦੇਸ਼ ਬਿਜਲੀ ਬੋਰਡ ਦੇ ਸ਼ਾਨਦਾਰ ਮੈਦਾਨ ਵਿੱਚ ਡਾ. ਬਾਬਾ ਸਾਹਿਬ ਅੰਬੇਡਕਰ ਦੇ ਸਨਮਾਨ ਵਿੱਚ ਇੱਕ ਮਹਾਸਭਾ ਦਾ ਆਯੋਜਨ ਕੀਤਾ ਗਿਆ ਸੀ। ਡਾ. ਬਾਬਾ ਸਾਹਿਬ ਅੰਬੇਡਕਰ ਭੰਡਾਰਾ ਡਿਵੀਜ਼ਨ ਦੀਆਂ ਸੰਸਦੀ ਜ਼ਿਮਨੀ ਚੋਣਾਂ ਲਈ ਇਸ ਖੇਤਰ ਵਿੱਚ ਇੱਕ ਮੁਹਿੰਮ ਦੌਰੇ 'ਤੇ ਹਨ। ਵਰਹਾਦ ਦੇ ਦੂਰ-ਦੁਰਾਡੇ ਇਲਾਕਿਆਂ ਤੋਂ ਲੋਕ ਵਿਸ਼ੇਸ਼ ਤੌਰ 'ਤੇ ਆਪਣੇ ਮਹਾਨ ਨੇਤਾ ਦੇ ਦਰਸ਼ਨ ਕਰਨ ਲਈ ਪ੍ਰੋਗਰਾਮ ਵਿੱਚ ਆਏ ਸਨ।

ਇਸ ਮੌਕੇ ਡਾ. ਬਾਬਾ ਸਾਹਿਬ ਅੰਬੇਡਕਰ ਨੂੰ ਅਨੁਸੂਚਿਤ ਜਾਤੀਆਂ ਫੈਡਰੇਸ਼ਨ ਦੇ ਕਾਰਕੁਨਾਂ ਅਤੇ ਡਾ. ਬਾਬਾ ਸਾਹਿਬ ਦੇ ਪ੍ਰਸ਼ੰਸਕਾਂ ਵੱਲੋਂ ਪੰਜ ਹਜ਼ਾਰ ਰੁਪਏ ਦਾ ਬੈਗ ਭੇਟ ਕੀਤਾ ਗਿਆ। ਇਸ ਮੌਕੇ ਐਸ. ਕੇ. ਐਫ. ਦੇ ਡਿਪਟੀ ਸਕੱਤਰ ਆਯੂ ਪੀ. ਐਨ. ਰਾਜਭੋਜ, ਗੁਜਰਾਤ ਦੇ ਆਯੂ ਪਰਮਾਰ, ਮਹਾਰਾਸ਼ਟਰ ਦੇ ਆਯੂ ਗਾਇਕਵਾੜ, ਮਰਾਠਵਾੜਾ ਦੇ ਆਯੂ ਬੀ. ਐਸ. ਮੋਰੇ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ।

ਇਸ ਤੋਂ ਬਾਅਦ ਡਾ. ਬਾਬਾ ਸਾਹਿਬ ਅੰਬੇਡਕਰ ਦਾ ਭਾਸ਼ਣ ਆਇਆ। ਉਸ ਨੇ ਕਿਹਾ -

ਭੈਣੋਂ-ਭਰਾਵੋ,

ਮੈਂ ਭੰਡਾਰਾ ਜ਼ਿਲ੍ਹੇ ਦੇ ਇਸ ਹਿੱਸੇ ਵਿੱਚ ਇੱਕ ਚੋਣ ਪ੍ਰਚਾਰ ਦੌਰੇ 'ਤੇ ਆਇਆ ਹਾਂ। ਇਹ ਹਿੱਸਾ ਹਲਕੇ ਵਿੱਚ ਸ਼ਾਮਲ ਨਹੀਂ ਹੈ, ਪਰ ਕੁਝ ਲੋਕਾਂ ਨੇ ਮੈਨੂੰ ਭਰੋਸਾ ਦਿੱਤਾ ਹੈ ਕਿ ਇੱਥੋਂ 5000 ਰੁਪਏ ਦਾ ਇੱਕ ਬੈਗ (ਸਹਿਕਾਰਤਾ ਰਾਸ਼ੀ) ਦਿੱਤਾ ਜਾ ਰਿਹਾ ਹੈ। ਇੱਥੇ ਮਜ਼ਦੂਰਾਂ ਨੇ ਦੱਸਿਆ ਕਿ ਪਹਿਲਾਂ 2000 ਰੁਪਏ ਦਿੱਤੇ ਜਾਂਦੇ ਸਨ ਅਤੇ ਹੁਣ 1500 ਰੁਪਏ ਦਿੱਤੇ ਜਾਣਗੇ। ਅਜਿਹੇ ਮੌਕੇ 'ਤੇ ਚੋਣਾਂ ਬਾਰੇ ਕੁਝ ਵੀ ਕਹਿਣਾ ਕੋਈ ਮਾਇਨੇ ਨਹੀਂ ਰੱਖਦਾ। ਪਰ ਮੈਂ ਕਿਸ ਬਾਰੇ ਗੱਲ ਕਰਨ ਜਾ ਰਿਹਾ ਹਾਂ ਇਹ ਮਹੱਤਵਪੂਰਨ ਹੈ।

1952 ਵਿੱਚ ਹੋਈਆਂ ਚੋਣਾਂ ਵਿੱਚ ਫੈਡਰੇਸ਼ਨ ਨੂੰ ਸਾਰੇ ਹਿੱਸਿਆਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਕਾਂਗਰਸ ਬਹੁਤ ਖੁਸ਼ ਸੀ। ਇਸ ਵਾਰ ਕਾਂਗਰਸ ਇਕੱਲੀ ਵਿਰੋਧੀ ਪਾਰਟੀ ਸੀ। ਸਿਰਫ਼ ਹੋਰ ਫੈਡਰੇਸ਼ਨ ਪਾਰਟੀਆਂ ਹੀ ਆਪਣੀਆਂ ਭੂਮਿਕਾਵਾਂ ਭੁੱਲ ਗਈਆਂ। ਜਦੋਂ ਅਸੀਂ ਚੋਣਾਂ ਹਾਰ ਗਏ ਤਾਂ ਕੁਝ ਲੋਕਾਂ ਨੇ ਮੈਨੂੰ ਕਿਹਾ ਕਿ ਅੰਬੇਡਕਰ ਨੂੰ ਇਸ ਪਾਰਟੀ ਨੂੰ ਖਤਮ ਕਰ ਦੇਣਾ ਚਾਹੀਦਾ ਹੈ ਅਤੇ ਇਸ ਨੂੰ ਕਿਲੇ 'ਤੇ ਲਟਕਾ ਦੇਣਾ ਚਾਹੀਦਾ ਹੈ। ਕਿਉਂਕਿ ਇਸ ਪਾਰਟੀ ਦਾ ਕੋਈ ਵਜੂਦ ਨਹੀਂ ਹੈ। ਬਾਹਰਲੇ ਲੋਕਾਂ ਵਾਂਗ ਸਾਡੇ ਵਿੱਚੋਂ ਵੀ ਕੁਝ ਲੋਕ ਇਹੋ ਗੱਲ ਕਹਿੰਦੇ ਸਨ। ਪਰ ਮੈਨੂੰ ਨਹੀਂ ਲਗਦਾ ਕਿ ਹਾਲ ਹੀ ਵਿੱਚ ਹੋਈਆਂ ਕੁਝ ਮੀਟਿੰਗਾਂ ਵਿੱਚ 2-3 ਲੱਖ ਤੋਂ ਵੱਧ ਲੋਕਾਂ ਦੇ ਇਕੱਠ ਨਾਲ ਫੈਡਰੇਸ਼ਨ ਦੀ ਜ਼ਰੂਰਤ ਨੂੰ ਸਪੱਸ਼ਟ ਤੌਰ 'ਤੇ ਸਮਝਿਆ ਜਾ ਸਕਦਾ ਹੈ। (ਤਾੜੀਆਂ) ਇਹ ਸਮਝਣ ਲਈ ਕਿ ਫੈਂਡਰੇਸ਼ਨ ਦੀ ਜਰੂਰਤ ਹੈ, ਇਹ ਸਮਝਣਾ ਮਹੱਤਵਪੂਰਨ ਹੈ ਕਿ ਅੱਜ ਦੇ ਹਾਲਾਤ ਵਿੱਚ ਦੇਸ਼ ਕਿਵੇਂ ਕਰ ਰਿਹਾ ਹੈ। ਜਦੋਂ ਇੰਗਲੈਂਡ ਵਿੱਚ ਕੋਈ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਸਾਰੇ ਲੋਕਾਂ ਨਾਲ ਬਰਾਬਰ ਦਾ ਸਲੂਕ ਕਰਦੀ ਹੈ। ਜੇ ਕੰਜ਼ਰਵੇਟਿਵ ਪਾਰਟੀ ਸੱਤਾ ਵਿੱਚ ਹੈ, ਤਾਂ ਲਾਇਸੈਂਸ ਅਤੇ ਗ੍ਰਾਂਟ ਦਿੰਦੇ ਸਮੇਂ, ਸਰਕਾਰੀ ਵਰਗ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੰਦਾ ਕਿ ਉਹ ਵਿਅਕਤੀ ਕਿਸ ਰਾਜਨੀਤਿਕ ਪਾਰਟੀ ਨਾਲ ਸਬੰਧਤ ਹੈ। ਦੂਜੇ ਦੇਸ਼ਾਂ ਵਿੱਚ ਵੀ ਅਜਿਹਾ ਹੀ ਹੈ। ਪਰ ਭਾਰਤ ਦੇ ਸ਼ਾਸਕ ਦੂਜੀਆਂ ਪਾਰਟੀਆਂ ਪ੍ਰਤੀ ਪੂਰੀ ਤਰ੍ਹਾਂ ਲਾਪਰਵਾਹੀ ਵਰਤਦੇ ਹਨ। ਜਿਨ੍ਹਾਂ ਨੇ ਛੋਟੀਆਂ ਅਤੇ ਵੱਡੀਆਂ ਸੰਸਥਾਵਾਂ ਚਲਾਈਆਂ ਹਨ, ਉਨ੍ਹਾਂ ਨੂੰ ਜ਼ਰੂਰ ਉਸ ਤਰ੍ਹਾਂ ਦੇ ਕੌੜੇ ਅਨੁਭਵ ਹੋਏ ਹੋਣਗੇ ਜਿਸ ਦੀ ਮੈਂ ਗੱਲ ਕਰ ਰਿਹਾ ਹਾਂ। ਬ੍ਰਿਟਿਸ਼ ਸ਼ਾਸਨ ਵਿੱਚ, ਸਰਕਾਰੀ ਵਰਗ ਬਿਨਾਂ ਕਿਸੇ ਗੰਢ ਦੇ ਕਿਸੇ ਵੀ ਵਿਅਕਤੀ ਬਾਰੇ ਨਿਰਣਾ ਕਰਦਾ ਸੀ, ਪਰ ਅੱਜ ਕਾਂਗਰਸ ਦਾ ਬਿਗੁਲ ਪਹਿਨਣ ਵਾਲੀ ਚਿੱਟੀ ਟੋਪੀ ਜ਼ਿਲ੍ਹੇ ਦੇ ਰਾਜੇ ਵਰਗੀ ਹੈ। ਉਹ ਇੱਕ ਵਿਅਕਤੀ ਨੂੰ ਜੱਜ ਕੋਲ ਲੈ ਜਾਂਦਾ ਹੈ ਅਤੇ ਉਸ ਬਾਰੇ ਸਿਫਾਰਸ਼ ਕਰਦਾ ਹੈ। ਜੇ ਉਹ ਨਹੀਂ ਸੁਣਦਾ ਤਾਂ

"ਇਕੁਐਲਿਟੀ ਐਂਡ ਜਸਟਿਸ" "Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

ਉਹ ਮੰਤਰੀ ਕੋਲ ਜਾਂਦਾ ਹੈ। ਜੇ ਜੱਜ ਇਮਾਨਦਾਰ ਹੈ, ਤਾਂ ਉਸ ਦੀ ਨੌਕਰੀ ਚਲੀ ਗਈ ਹੈ।

ਇਸ ਸਭ ਦਾ ਇੱਕ ਕਾਰਨ ਹੈ। ਇਸ ਦੇਸ਼ ਵਿੱਚ ਸੱਤਾਧਾਰੀ ਪਾਰਟੀ ਨੂੰ ਕੰਟਰੋਲ ਕਰਨ ਵਾਲੀ ਕੋਈ ਹੋਰ ਮਜ਼ਬੂਤ ਪਾਰਟੀ ਨਹੀਂ ਹੈ। ਜੇ ਹਾਲਾਤ ਇੱਕੋ ਜਿਹੇ ਰਹਿੰਦੇ ਹਨ, ਤਾਂ ਜਰਮਨੀ ਵਰਗਾ ਹਿਟਲਰਵਾਦ ਜਾਂ ਰੂਸ ਦਾ ਸਟਾਲਿਨਵਾਦ ਇੱਥੇ ਆ ਜਾਵੇਗਾ। ਇਸ ਲਈ ਘੱਟ ਗਿਣਤੀ ਹੋਣ ਦੇ ਬਾਵਜੂਦ ਅਸੀਂ ਵਿਰੋਧ ਪ੍ਰਦਰਸ਼ਨ ਦੀ ਅੱਗ ਨੂੰ ਸਾੜਦੇ ਰਹਾਂਗੇ। ਇਸ ਕੰਮ ਵਿੱਚ ਹੋਰ ਲੋਕ ਤੁਹਾਡੀ ਮਦਦ ਕਰਨਗੇ। ਕਿਸੇ ਨਾ ਕਿਸੇ ਬਿੰਦੂ ਉੱਤੇ, ਸਾਡੀਆਂ ਭਾਵਨਾਵਾਂ, ਸਾਡੀ ਊਰਜਾ ਆਦਿ। ਦੂਜਿਆਂ ਨੂੰ ਪ੍ਰਭਾਵਿਤ ਕਰਨਗੇ ਅਤੇ ਉਹ ਸਾਡੀ ਗੱਲ ਸੁਣਨਗੇ। ਇੱਥੋਂ ਤੱਕ ਕਿ ਇੱਕ ਦੀਵੇ ਦੇ ਸਾਰੇ ਦੀਵੇ ਬੁਝਾਉਣ ਤੋਂ ਬਾਅਦ ਵੀ, ਇੱਕ ਦੀਵਾ ਹਰ ਕਿਸੇ ਨੂੰ ਜਗਾਉਂਦਾ ਅਤੇ ਸੇਧ ਦਿੰਦਾ ਰਹੇਗਾ, ਉਸੇ ਤਰ੍ਹਾਂ ਸਾਡੀ ਪਾਰਟੀ ਛੋਟੀ ਹੋਣ ਦੇ ਬਾਵਜੂਦ ਹੋਰ ਸਾਰੀਆਂ ਪਾਰਟੀਆਂ ਦਾ ਮਾਰਗਦਰਸ਼ਨ ਕਰੇਗੀ।

ਚੋਣਾਂ ਕ੍ਰਿਕਟ ਦੀ ਖੇਡ ਵਾਂਗ ਹੁੰਦੀਆਂ ਹਨ। ਕ੍ਰਿਕਟ ਵਿੱਚ, ਹਾਰਨ ਵਾਲੀ ਟੀਮ ਕੋਨੇ ਵਿੱਚ ਚੁੱਪਚਾਪ ਨਹੀਂ ਬੈਠਦੀ। ਦੂਜੇ ਸਾਲ ਉਹ ਫਿਰ ਤੋਂ ਨਵੇਂ ਉਤਸ਼ਾਹ ਨਾਲ ਮੈਦਾਨ ਵਿੱਚ ਦਾਖਲ ਹੁੰਦੀ ਹੈ, ਸਾਨੂੰ ਵੀ ਇਸੇ ਤਰ੍ਹਾਂ ਦਾ ਆਸ਼ਾਵਾਦੀ ਹੋਣਾ ਚਾਹੀਦਾ ਹੈ। ਦੋ ਸਾਲ ਪਹਿਲਾਂ ਲਖਨਊ ਵਿੱਚ ਇੱਕ ਭਾਸ਼ਣ ਦਿੰਦੇ ਹੋਏ ਮੈਂ ਕਿਹਾ ਸੀ ਕਿ ਕਾਂਗਰਸ ਇੱਕ ਸੜਦਾ ਹੋਇਆ ਘਰ ਹੈ। ਤੁਹਾਨੂੰ ਹੁਣ ਤੱਕ ਇਸ ਦਾ ਅਹਿਸਾਸ ਹੋ ਚੁੱਕਾ ਹੋਵੇਗਾ। ਹੁਣ ਸਿਰਫ਼ ਇਸ ਘਰ ਦੀ ਛੱਤ ਨਹਿਰੂ ਦੇ ਰੂਪ ਵਿੱਚ ਬਚੀ ਹੈ। ਇਹ ਕੁਝ ਦਿਨਾਂ ਵਿੱਚ ਸੜ ਜਾਵੇਗਾ। ਉਨ੍ਹਾਂ ਕੋਲ ਪੈਸੇ ਦੀ ਤਾਕਤ ਹੀ ਨਹੀਂ ਹੈ। ਸਿਰਫ਼ ਰਾਜਨੀਤਕ ਸ਼ਕਤੀ ਹੈ। ਮਨੁੱਖ ਲਈ ਪਨਾਹ ਲੈਣਾ ਚੰਗਾ ਨਹੀਂ ਹੈ। ਬੁਰੇ ਸਮੇਂ ਵਿੱਚ, ਭਾਵੇਂ ਕੋਈ ਆਦਮੀ ਕਿਸੇ ਵਿੱਚ ਪਨਾਹ ਲੈਂਦਾ ਹੈ, ਪਰ ਜਿਵੇਂ ਹੀ ਸਮਾਂ ਬੀਤਦਾ ਹੈ, ਉਹ ਫਿਰ ਆਪਣੇ ਹੱਥ ਵਿੱਚ ਤਲਵਾਰ ਲੈ ਕੇ ਹਮਲਾ ਕਰਨ ਲਈ ਖੜ੍ਹਾ ਹੋ ਜਾਂਦਾ ਹੈ। ਅਸੀਂ 1952 ਦੀਆਂ ਚੋਣਾਂ ਨਹੀਂ ਦੁਹਰਾਉਣਗੇ। ਮਨੁੱਖ ਭਾਵੇਂ ਕਿੰਨਾ ਵੀ ਲੰਮਾ ਸਮਾਂ ਜੀਵੇ, ਉਸ ਦੇ ਪਤਨ ਦੇ ਦਿਨ ਹਮੇਸ਼ਾ ਆਉਂਦੇ ਹਨ। ਪਰ ਉਸ ਤੋਂ ਬਾਅਦ ਅਸੀਂ ਠੀਕ ਹੋ ਜਾਵਾਂਗੇ। ਇਸ ਲਈ ਮੈਂ ਹਮੇਸ਼ਾ ਸੰਗਠਨ ਨੂੰ ਮਜ਼ਬੂਤ ਰੱਖਣ 'ਤੇ ਜ਼ੋਰ ਦਿੰਦਾ ਹਾਂ।

# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ,ਜੀ ਨੂੰ ਭਾਰਤ ਦੇ ਗੌਰਵ ਅਤੇ ਸੰਵਿਧਾਨ ਦੇ ਨਿਰਮਾਤਾ ਵਜੋਂ ਜਾਣਿਆ ਜਾਂਦਾ ਹੈ : ਡਾ ਐਮ ਜਮੀਲ ਬਾਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ 6 ਅਪ੍ਰੈਲ ( ਤਰਸੇਮ ਦੀਵਾਨਾ ) ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ, ਜਿਨ੍ਹਾਂ ਨੂੰ ਭਾਰਤ ਦੇ ਗੌਰਵ ਅਤੇ ਸੰਵਿਧਾਨ ਦੇ ਨਿਰਮਾਤਾ ਵਜੋਂ ਜਾਣਿਆ ਜਾਂਦਾ ਹੈ,ਇੱਕ ਮਹਾਨ ਸਮਾਜ ਸ਼ਾਸਤਰੀ,ਅਰਥ ਸੁਧਾਰਕ, ਨਿਆਂ ਸ਼ਾਸਤਰੀ, ਲੇਖਕ, ਸਿਆਸਤਦਾਨ ਅਤੇ ਐਸਸੀ ਸਮਾਜ ਵਿਰੋਧੀ ਅੰਦੋਲਨ ਲਈ ਇੱਕ ਪ੍ਰੇਰਨਾ ਸਰੋਤ ਸਨ ।ਉਨ੍ਹਾਂ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਬੁੱਧੀਜੀਵੀ ਅਤੇ ਬਾਲੀ ਹਸਪਤਾਲ ਦੇ ਐਮਡੀ ਡਾ. ਐਮ ਜਮੀਲ ਬਾਲੀ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਫਿਲੌਰ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾ: ਭੀਮ ਰਾਓ ਅੰਬੇਡਕਰ ਜੀ ਦੇ ਫਿਲੌਰ ਦੇ ਨਜ਼ਦੀਕੀ ਪਿੰਡ ਵਿੱਚ ਵਿੱਚ ਡਾ ਭੀਮ ਰਾਉ ਅੰਬੇਡਕਰ ਜੀ ਦੀ ਲੱਗੀ ਮੂਰਤੀ ਤੇ ਇਤਰਾਜ਼ਯੋਗ ਸ਼ਬਦ ਲਿਖਣ ਦੀ ਸਖ਼ਤ ਨਿਖੇਧੀ ਕੀਤੀ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਅਰਾਜਕਤਾ ਫੈਲਾਉਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਤੁਰੰਤ ਕਾਬੂ ਕਰੇ ਉਹਨਾਂ ਕਿਹਾ ਕਿ ਸੂਬੇ ਵਿੱਚ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਵਾਰ-ਵਾਰ ਸਾਹਮਣੇ ਆ ਚੁੱਕੀਆਂ ਹਨ,ਜੋ ਬਰਦਾਸ਼ਤ ਯੋਗ ਨਹੀਂ ਹੈ ਉਹਨਾਂ ਕਿਹਾ ਕਿ ਡਾ:ਅੰਬੇਡਕਰ ਸਾਡੇ ਮਾਰਗ ਦਰਸ਼ਕ ਹਨ। ਉਨ੍ਹਾਂ ਦੀ ਸੋਚ ਸਦਕਾ ਅੱਜ ਦੇਸ਼ ਅੱਗੇ ਵੱਧ ਰਿਹਾ ਹੈ ਪਰ ਕੁਝ ਸ਼ਰਾਰਤੀ ਅਨਸਰ ਪੰਜਾਬ ਦੀ ਸ਼ਾਂਤੀ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਉਹਨਾਂ ਭਗਵੰਤ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਇਹੋ ਜਿਹੇ ਵਿਦੇਸ਼ ਰਹਿੰਦੇ ਫੁੱਟ ਪਾਉ ਅਨਸਰਾਂ ਨੂੰ ਭਾਰਤ ਬੁਲਾਕੇ ਇਹਨਾਂ ਤੇ ਸਖ਼ਤ ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਸਾਡੇ



ਦੇਸ਼ ਦੀ ਸ਼ਾਨ ਹਨ,ਉਨ੍ਹਾਂ ਦਾ ਸਤਿਕਾਰ ਕਰਨਾ ਹਰ ਭਾਰਤੀ ਦਾ ਫਰਜ਼ ਹੈ ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਪਿੱਛੇ ਕਿਸੇ ਵੱਡੀ ਸਾਜ਼ਿਸ਼ ਦੀ ਬਦਬੂ ਆ ਰਹੀ ਹੈ,ਇਸ ਕਰਕੇ ਇਸਦੀ ਉੱਚ ਪੱਧਰੀ ਜਾਂਚ ਹੋਣੀ ਬਹੁਤ ਜਰੂਰੀ ਹੈ। ਤਾਂ ਜੋ ਕਥਿਤ ਦੋਸ਼ੀਆਂ ਨੂੰ ਫੜਿਆ ਜਾ ਸਕੇ

# ਸਿਵਲ ਸਰਜਨ ਵੱਲੋਂ ਸਿਹਤ ਜਾਗਰੂਕਤਾ ਪ੍ਰੋਗਰਾਮਾਂ 'ਚ ਤੇਜੀ ਲਿਆਉਣ ਲਈ ਬਲਾਕ ਐਜੂਕੇਟਰਾਂ ਨੂੰ ਦਿਸ਼ਾ ਨਿਰਦੇਸ਼ ਜਾਰੀ

## - 'ਯੁੱਧ ਨਸ਼ਿਆਂ ਵਿਰੁੱਧ' ਜਾਗਰੂਕਤਾ ਮੁਹਿੰਮ 'ਚ ਹੋਰ ਤੇਜ਼ੀ ਲਿਆਂਦੀ ਜਾਵੇ- ਡਾ. ਸੰਜੇ ਕਾਮਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ INTERNATIONAL PAPER, 94636 01616 hardipchumber57@gmail.com

ਸੰਗਰੂਰ,6 ਅਪ੍ਰੈਲ (ਜਗਸੀਰ ਲੌਂਗੋਵਾਲ)- ਸਿਵਲ ਸਰਜਨ ਡਾ. ਸੰਜੇ ਕਾਮਰਾ ਵੱਲੋ ਜ਼ਿਲ੍ਹਾ ਭਰ ਦੇ ਬਲਾਕ ਐਕਸਟੈਂਸ਼ਨ ਐਜੂਕੇਟਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਦੌਰਾਨ ਸਮੂਹ ਬੀ ਈ ਈ ਨੂੰ ਸਿਹਤ ਜਾਗਰੁਕਤਾ ਗਤੀਵਿਧੀਆਂ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ ਗਈ।

ਡਾ. ਕਾਮਰਾ ਨੇ ਕਿਹਾ ਕਿ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ



ਸਿੰਘ ਦੀ ਯੋਗ ਅਗਵਾਈ ਵਿੱਚ ਸਿਹਤ ਵਿਭਾਗ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਹਦਾਇਤ ਕੀਤੀ ਕਿ ਇਸ ਮੁਹਿੰਮ 'ਚ ਹੋਰ ਤੇਜ਼ੀ ਲਿਆਂਦੀ ਜਾਵੇ ਅਤੇ ਨਸ਼ਿਆਂ ਤੋਂ ਪੀੜਤ ਮਰੀਜ਼ਾਂ ਨੂੰ ਸਰਕਾਰੀ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰਾਂ ਅਤੇ ਓਟ ਕੇਂਦਰਾਂ 'ਤੇ ਆ ਕੇ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ।

ਸਿਵਲ ਸਰਜਨ ਨੇ ਕੌਮੀ ਸਿਹਤ ਪ੍ਰੋਗਰਾਮਾਂ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਦਾ ਕਰਨਾ ਯਕੀਨੀ ਬਣਾਉਣ, ਪੋਸ਼ਣ ਪਖਵਾੜਾ 08 ਤੋਂ 23 ਅਪ੍ਰੈਲ ਤੱਕ ਮਨਾਉਣ, ਹੀਟ ਵੇਵ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ,ਟੀਕਾਕਰਨ, ਮੌਸਮ ਦੀ ਤਬਦੀਲੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਅਤੇ ਹੋਰ ਕੌਮੀ ਸਿਹਤ ਪ੍ਰੋਗਰਾਮਾ ਸਬੰਧੀ ਜਾਗਰੁਕ ਕਰਨ ਦੀ ਹਦਾਇਤ ਕੀਤੀ ਗਈ। ਉਨ੍ਹਾਂ ਕਿਹਾ ਕਿ ਲੋਕਾਂ ਤੱਕ ਸਿਹਤ ਪ੍ਰੋਗਰਾਮਾਂ ਦੀ ਜਾਣਕਾਰੀ ਪਹੁੰਚਦੀ ਕਰਨ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਵੀ ਕੀਤੀ ਜਾਵੇ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਅੰਜੂ ਸਿੰਗਲਾ,ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਵਿਨੋਦ ਕੁਮਾਰ, ਕਰਨੈਲ ਸਿੰਘ ਜ਼ਿਲ੍ਹਾ ਸਮੂਹ ਸਿਖਿਆ ਅਤੇ ਸੂਚਨਾ ਅਫ਼ਸਰ, ਦੀਪਕ ਕੁਮਾਰ,ਦੀਪਕ ਸ਼ਰਮਾ ਅਤੇ ਸਮੂਹ ਬਲਾਕ ਐਕਸਟੈਂਸ਼ਨ ਐਜੂਕੇਟਰ ਹਾਜ਼ਰ ਸਨ।

# 'ਵਿਕਾਸ' ਦੇ ਨਾਂ 'ਤੇ ਆਦਿਵਾਸੀ ਲੋਕਾਂ ਦੀ ਨਸਲਕੁਸ਼ੀ ਬੰਦ ਕਰੇ ਕੇਂਦਰ ਸਰਕਾਰ : ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ

## ਦੇਸ਼ ਵਿਰੋਧੀ, ਲੋਕ ਵਿਰੋਧੀ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਰੱਦ ਕਰੋ- ਹਿਮਾਂਸ਼ੂ ਕੁਮਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਜਲੰਧਰ, 6 ਅਪ੍ਰੈਲ (): ''ਭਾਜਪਾ ਦੀ ਕੇਂਦਰ ਸਰਕਾਰ ਦੀ ਸਿੱਧੀ ਨਿਗਰਾਨੀ ਹੇਠ ਮੁਲਕ ਦੇ ਕੁਦਰਤੀ ਵਸੀਲਿਆਂ, ਜਲ-ਜੰਗਲ-ਜ਼ਮੀਨ ਅਤੇ ਵਡਮੁੱਲੇ ਖਣਿਜਾਂ ਨੂੰ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆ ਤੇ ਬਹੁਕੌਮੀ ਕੰਪਨੀਆਂ ਦੇ ਹਵਾਲੇ ਕਰਨ ਲਈ ਆਦਿਵਾਸੀ ਲੋਕਾਂ ਉੱਪਰ ਭਾਰੀ ਕਹਿਰ ਢਾਹਿਆ ਜਾ ਰਿਹਾ ਹੈ। ਜਿਸ ਨੂੰ ਰੋਕਣ ਲਈ ਭਾਰਤ ਦੇ ਹਰ ਇਨਸਾਫ਼ਪਸੰਦ ਨਾਗਰਿਕ ਨੂੰ ਡੱਟਕੇ ਆਵਾਜ਼ ਉਠਾਉਣੀ ਚਾਹੀਦੀ ਹੈ। ਆਪਣੇ ਹੀ ਲੋਕਾਂ ਵਿਰੁੱਧ ਇਹ ਜੰਗ ਬਸਤਰ ਦੇ ਜੰਗਲਾਂ ਤੱਕ ਸੀਮਤ ਨਹੀਂ ਰਹੇਗੀ, ਸਭ ਤੋਂ ਉਪਜਾਊ ਖੇਤੀ ਖੇਤਰਾਂ ਉੱਪਰ ਕਬਜ਼ਾ ਕਰਨ ਲਈ ਇਹ ਜੰਗ ਆਉਣ ਵਾਲੇ ਦਿਨਾਂ 'ਚ ਪੰਜਾਬ ਵਰਗੇ ਖੇਤਰਾਂ 'ਚ ਵੀ ਪਹੁੰਚੇਗੀ।"

ਇਹ ਵਿਚਾਰ ਅੱਜ ਇੱਥੇ ਦੇਸ਼ਭਗਤ ਯਾਦਗਾਰ ਹਾਲ ਵਿਖੇ ਜਮਹੂਰੀ ਅਧਿਕਾਰ ਸਭਾ ਦੀ ਜ਼ਿਲ੍ਹਾ ਇਕਾਈ ਵੱਲੋਂ ਜ਼ਿਲ੍ਹੇ ਦੀਆਂ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਆਯੋਜਤ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਉੱਘੇ ਗਾਂਧੀਵਾਦੀ ਚਿੰਤਕ ਤੇ ਸਮਾਜਿਕ ਕਾਰਕੁੰਨ ਹਿਮਾਂਸ਼ੂ ਕੁਮਾਰ ਨੇ ਪੇਸ਼ ਕੀਤੇ। ਪ੍ਰਧਾਨਗੀ ਮੰਡਲ ਵਿਚ ਮੁੱਖ ਵਕਤਾ ਹਿਮਾਂਸ਼ੂ ਕੁਮਾਰ, ਡਾਕਟਰ ਜਗਜੀਤ ਚੀਮਾ, ਸੁਰਿੰਦਰ ਕੁਮਾਰੀ ਕੋਛੜ, ਪ੍ਰਿਤਪਾਲ ਸਿੰਘ, ਡਾਕਟਰ ਮੰਗਤ ਰਾਏ, ਬੂਟਾ ਸਿੰਘ ਮਹਿਮੂਦਪੁਰ ਅਤੇ ਜਸਵਿੰਦਰ ਸਿੰਘ ਭੋਗਲ ਸੁਸ਼ੋਭਿਤ ਸਨ। ਹਿਮਾਂਸ਼ੂ ਕੁਮਾਰ ਓਪਰੇਸ਼ਨ ਗਰੀਨ ਹੰਟ ਵਿਰੋਧੀ ਫਰੰਟ ਦੇ ਸੱਦੇ 'ਤੇ ਵਿਸ਼ੇਸ਼ ਫੇਰੀ 'ਤੇ ਹਨ ਅਤੇ 22 ਮਾਰਚ ਤੋਂ ਲੈ ਕੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਜਨਤਕ ਜਮਹੂਰੀ ਇਕੱਠਾਂ ਨੂੰ ਸੰਬੋਧਨ ਕਰਕੇ ਛੱਤੀਸਗੜ੍ਹ ਦੇ ਬਸਤਰ ਖੇਤਰ 'ਚ ਭਗਵਾ ਹਕੂਮਤ ਵਲੋਂ ਕਰਵਾਏ ਜਾ ਰਹੇ ਆਦਿਵਾਸੀ ਲੋਕਾਂ ਦੇ ਕਤਲੇਆਮ ਦੀ ਦਿਲ ਦਹਿਲਾਊ ਜਾਣਕਾਰੀ ਸਾਂਝੀ ਕਰਕੇ ਇਸ ਦਾ ਵਿਰੋਧ ਕਰਨ ਦਾ ਮਾਨਵਵਾਦੀ ਫਰਜ਼ ਪਛਾਨਣ ਦਾ ਹੋਕਾ ਦੇ ਰਹੇ ਹਨ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਹਿਮਾਂਸ਼ੂ ਕੁਮਾਰ ਨੇ ਕਿਹਾ ਕਿ ਫਾਸ਼ੀਵਾਦੀ ਹਕੂਮਤ ਨੇ ਆਪਣੇ ਹੀ ਆਦਿਵਾਸੀ ਲੋਕਾਂ ਵਿਰੁੱਧ ਨਸਲਕੁਸ਼ੀ ਦੀ ਜੰਗ ਵਿੱਢੀ ਹੋਈ ਹੈ ਜਿਸ ਤਹਿਤ 2009 ਤੋਂ ਲੈ ਕੇ ਹਜ਼ਾਰਾਂ ਲੋਕਾਂ ਦਾ ਕਤਲੇਆਮ, ਔਰਤਾਂ ਨਾਲ ਬਲਾਤਕਾਰਾਂ, ਬੱਚਿਆਂ ਦੇ ਕਤਲ, ਲੱਖਾਂ ਲੋਕਾਂ ਦਾ ਉਜਾੜਾ, ਸੈਂਕੜੇ ਪਿੰਡਾਂ ਵਿਚ ਸਾੜਸਤੀ ਆਮ ਗੱਲ ਬਣ ਚੁੱਕੀ ਹੈ। ਜੰਗਲਾਂ ਵਿਚ ਚੱਪੇ-ਚੱਪੇ 'ਤੇ ਨੀਮ-ਫ਼ੌਜੀ ਤਾਕਤਾਂ ਦੇ ਕੈਂਪ ਬਣਾਏ ਗਏ ਹਨ ਅਤੇ ਸਮੁੱਚੇ ਬਸਤਰ ਨੂੰ ਵਿਆਪਕ ਫ਼ੌਜੀ ਛਾਉਣੀ ਬਣਾ ਦਿੱਤਾ ਗਿਆ ਹੈ। ਆਦਿਵਾਸੀਆਂ ਨੂੰ ਦਹਿਸ਼ਤਜ਼ਦਾ ਕਰਕੇ ਜੰਗਲਾਂ ਵਿੱਚੋਂ ਉਜਾੜਨ ਲਈ ਨੀਮ-ਫੌਜੀ ਹੈਲੀਕਾਪਟਰਾਂ ਤੇ ਡਰੋਨਾਂ ਨਾਲ ਆਦਿਵਾਸੀ ਲੋਕਾਂ ਉੱਪਰ ਬੰਬਾਰੀ ਕਰ ਰਹੇ ਹਨ ਅਤੇ ਆਮ ਲੋਕਾਂ ਨੂੰ ਮਾਓਵਾਦੀ ਦਾ ਠੱਪਾ ਲਾਕੇ 'ਮੁਕਾਬਲਿਆਂ' 'ਚ ਮਾਰ ਰਹੇ ਹਨ। ਹਜ਼ਾਰਾਂ ਆਦਿਵਾਸੀਆਂ ਨੂੰ ਮਾਓਵਾਦੀ/ਨਕਸਲਵਾਦੀ ਕਹਿ ਕੇ ਜੇਲ੍ਹਾਂ ਚ ਡੱਕਿਆ ਹੋਇਆ ਹੈ। ਉਹਨਾਂ ਕਿਹਾ ਕਿ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਥੋਪਣ ਲਈ ਭਾਜਪਾ ਅਤੇ ਕਾਂਗਰਸ ਹਕੂਮਤਾਂ ਇੱਕੋ ਤਰੀਕੇ ਅਪਣਾਉਂਦੀਆਂ ਹਨ। ਆਮ ਲੋਕਾਂ ਲਈ ਕੋਈ ਕਾਨੂੰਨ ਨਹੀਂ ਹੈ। ਅਦਾਲਤੀ ਪ੍ਰਣਾਲੀ ਆਦਿਵਾਸੀ ਲੋਕਾਂ ਨੂੰ ਇਨਸਾਫ਼ ਦੇਣ ਦੀ ਬਜਾਏ ਇਨਸਾਫ਼ ਦੀ ਮੰਗ ਕਰਨ ਵਾਲਿਆਂ ਖਿਲਾਫ਼ ਹੀ ਧੱਕੜ ਫ਼ੈਸਲੇ ਸੁਣਾ ਰਹੀ ਹੈ। ਜੇ ਇਸ ਫਾਸ਼ੀਵਾਦੀ ਵਰਤਾਰੇ ਵਿਰੁੱਧ ਦੇਸ਼ ਦੀ ਦੱਬੀਕੁਚਲੀ ਤੇ ਲੁੱਟੀਪੁੱਟੀ ਲੋਕਾਈ ਇਕਜੁੱਟ ਹੋ ਕੇ ਇਸ ਨੂੰ ਠੱਲ ਪਾਉਣ ਲਈ ਅੱਗੇ ਨਹੀਂ ਆਉਂਦੀ ਤਾਂ ਇਹ ਜਾਬਰ ਹਮਲਾ ਛੇਤੀ ਹੀ ਮੁਲਕ ਦੇ ਸਾਰੇ ਖਿੱਤਿਆਂ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ।

ਇਸ ਮੌਕੇ ਇਕੱਠ ਨੂੰ ਜਮਹੂਰੀ ਅਧਿਕਾਰ ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ, ਜ਼ਿਲਾ ਪ੍ਰਧਾਨ ਜਗਜੀਤ ਚੀਮਾ, ਓਪਰੇਸ਼ਨ ਗਰੀਨ ਹੰਟ ਵਿਰੋਧੀ ਫਰੰਟ ਦੇ ਸੂਬਾਈ ਆਗੂ ਬੂਟਾ ਸਿੰਘ ਮਹਿਮੂਦਪੁਰ, ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਗੁਰਮੀਤ ਕੋਟਲੀ ਵਲੋਂ ਮਤੇ ਪੇਸ਼ ਕੀਤੇ ਗਏ। ਇਹਨਾ ਮਤੀਆਂ ਵਿਚ ਮੰਗ ਕੀਤੀ ਗਈ ਕਿ 'ਵਿਕਾਸ' ਦੇ ਨਾਂ 'ਤੇ ਆਦਿਵਾਸੀ ਲੋਕਾਂ ਦੀ ਨਸਲਕੁਸ਼ੀ ਕਰਨਾ ਅਤੇ ਮਾਓਵਾਦੀ ਕਾਰਕੁਨਾਂ ਨੂੰ 'ਮੁਕਾਬਲਿਆਂ' 'ਚ ਮਾਰਨਾ ਬੰਦ ਕੀਤਾ ਜਾਵੇ; ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਵਿਚ 'ਓਪਰੇਸ਼ਨ ਕਗਾਰ' ਅਤੇ ਹੋਰ ਨਾਵਾਂ ਹੇਠ ਨਸਲਕੁਸ਼ੀ, ਤਬਾਹੀ ਅਤੇ ਉਜਾੜੇ ਦੀ ਜੰਗ ਬੰਦ ਕੀਤੀ ਜਾਵੇ। 'ਅਮਨ-ਕਾਨੂੰਨ' ਦੀ ਜਾਬਰ ਨੀਤੀ ਤੁਰੰਤ ਬੰਦ ਕਰਕੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਗੱਲਬਾਤ ਦਾ ਰਾਜਨੀਤਕ ਅਮਲ ਸ਼ੁਰੂ ਕੀਤਾ ਜਾਵੇ। ਦੇਸ਼ ਵਿਰੋਧੀ, ਲੋਕ ਵਿਰੋਧੀ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਰੱਦ ਕੀਤਾ ਜਾਵੇ; ਜਨਤਕ ਤੇ ਸਿਆਸੀ ਜਥੇਬੰਦੀਆਂ ਉੱਪਰ ਪਾਬੰਦੀ ਲਾਉਣ ਦੀ ਨੀਤੀ ਬੰਦ ਕੀਤੀ ਜਾਵੇ ਅਤੇ ਜਮਹੂਰੀ ਹੱਕ ਬਹਾਲ ਕੀਤੇ ਜਾਣ; ਜੇਲ੍ਹਾਂ 'ਚ ਡੱਕੇ ਆਦਿਵਾਸੀਆਂ, ਬੁੱਧੀਜੀਵੀਆਂ ਅਤੇ ਸਾਰੇ ਰਾਜਨੀਤਕ ਕੈਦੀਆਂ ਨੂੰ ਬਿਨਾ ਸ਼ਰਤ ਰਿਹਾ ਕੀਤਾ ਜਾਵੇ। ਗ਼ੈਰਕਾਨੂੰਨੀ ਕਾਰਵਾਈਆਂ ਅਤੇ 'ਸ਼ਹਿਰੀ ਨਕਸਲੀ' ਦੇ ਬਹਾਨੇ ਗ੍ਰਿਫ਼ਤਾਰੀਆਂ ਅਤੇ ਛਾਪੇਮਾਰੀਆਂ ਦਾ ਹਕੂਮਤੀ ਦਹਿਸ਼ਤਵਾਦ ਬੰਦ ਕੀਤਾ ਜਾਵੇ; ਝੂਠੀਆਂ ਐੱਫਆਈਆਰ ਖ਼ਤਮ ਕੀਤੀਆਂ ਜਾਣ ਅਤੇ ਫਾਸ਼ੀਵਾਦੀ ਜਬਰ ਦਾ ਸੰਦ ਕੌਮੀ ਜਾਂਚ ਏਜੰਸੀ ਤੁਰੰਤ ਭੰਗ ਕੀਤੀ ਜਾਵੇ ਅਤੇ ਤਿੰਨ ਫ਼ੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਯੂਏਪੀਏ, ਅਫਸਪਾ, ਪਬਲਿਕ ਸਕਿਊਰਿਟੀ ਐਕਟ ਅਤੇ ਅਜਿਹੇ ਹੋਰ ਸਾਰੇ ਕਾਲੇ ਕਾਨੂੰਨ ਰੱਦ ਕੀਤੀ ਜਾਵੇ। ਇਕ ਵਿਸ਼ੇਸ਼ ਮਤੇ ਰਾਹੀਂ ਬਠਿੰਡਾ ਜ਼ਿਲੇ ਦੇ ਚਾਉਕੇ ਪਿੰਡ ਦੇ ਆਦਰਸ਼ ਮਾਡਲ ਸਕੂਲ ਵਿੱਚ ਸੰਘਰਸ਼ ਕਰ ਰਹੇ ਅਧਿਆਪਕਾਂ ਅਤੇ ਉਹਨਾਂ ਨਾਲ ਇਕਮੁੱਠਤਾ ਪ੍ਰਗਟਾ ਰਹੀਆਂ ਜਥੇਬੰਦੀਆਂ ਉੱਪਰ ਵਹਿਸ਼ੀ ਜਬਰ ਦੀ ਸਖ਼ਤ ਸ਼ਬਦਾਂ ਵਿਚ ਨਿਖੇਦੀ ਕਰਦਿਆਂ ਉਹਨਾਂ ਨੂੰ ਤੁਰੰਤ ਰਿਹਾਅ ਕਰਨ ਦੀ



ਮੰਗ ਕੀਤੀ ਗਈ। ਕਨਵੈਨਸ਼ਨ ਵਿਚ ਪ੍ਰੋਫੈਸਰ ਤਰਸੇਮ ਸਾਗਰ, ਮਾਸਟਰ ਲਵਿੰਦਰ ਸਿੰਘ, ਅਮੋਲਕ ਸਿੰਘ, ਕਾਮਰੇਡ ਗੁਰਮੀਤ, ਹਰਮੇਸ਼ ਮਾਲੜੀ, ਮੋਹਣ ਸਿੰਘ ਬੱਲ, ਡਾਕਟਰ ਸੈਲੇਸ਼, ਸੰਤੋਖ ਸਿੰਘ ਸੰਧੂ, ਹੰਸ ਰਾਜ ਪਬਵਾਂ, ਬਿਹਾਰੀ ਲਾਲ ਛਾਬੜਾ, ਰਾਜਿੰਦਰ ਸਿੰਘ ਹੁਸ਼ਿਆਰਪੁਰ, ਪਰਮਜੀਤ ਆਦਮਪੁਰ ਗੁਰਦੇਵ ਸਿੰਘ, ਮਾਸਟਰ ਗੁਰਮੇਲ ਸਿੰਘ, ਮਾਸਟਰ ਕਰਨੈਲ ਸਿੰਘ, ਮਾਸਟਰ ਜੋਗਿੰਦਰ ਸਿੰਘ, ਜਸਵੀਰ ਜੱਸੀ, ਰਾਜ ਕੁਮਾਰ, ਕਸ਼ਮੀਰੀ ਲਾਲ, ਬੇਅੰਤ ਔਜਲਾ, ਸੁਮਨ ਲਤਾ, ਗੌਰਵ ਕੋਟਲਾ ਸਮੇਤ ਬਹੁਤ ਸਾਰੇ ਜਨਤਕ ਜਮਹੂਰੀ ਜੱਥੇਬੰਦੀਆਂ ਦੇ ਆਗੂ ਅਤੇ ਲੋਕਪੱਖੀ ਜਮਹੂਰੀ ਸ਼ਖ਼ਸੀਅਤਾਂ ਹਾਜ਼ਰ ਸਨ। ਮੰਚ ਸੰਚਾਲਨ ਦੀ ਭੂਮਿਕਾ ਡਾ. ਮੰਗਤ ਰਾਏ ਨੇ ਨਿਭਾਈ।

**ਜਾਰੀ ਕਰਤਾ: ਡਾ. ਮੰਗਤ ਰਾਏ, ਜ਼ਿਲ੍ਹਾ ਸਕੱਤਰ, ਜਮਹੂਰੀ ਅਧਿਕਾਰ ਸਭਾ ਪੰਜਾਬ। ਸੰਪਰਕ: 97813 46426**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

# ਕੀ ਔਰਤ ਘਰ ਦੇ ਕੰਮਾਂ ਵਿੱਚ ਪਿਸਦੀ ਜਾ ਰਹੀ ਹੈ?

ਚਰਨਜੀਤ ਸਿੰਘ ਮੁਕਤਸਰ, ਸੈਂਟਰ ਹੈੱਡ ਟੀਚਰ, ਸਪ੍ਸ ਝਬੇਲਵਾਲੀ,
ਜਿਲ੍ਹਾ ਸ੍ਰੀ ਮੁਕਤਸਰ ਸਾਹਿਬ। ਮੋਬਾਇਲ ਨੰਬਰ 9501300716



ਇਕ ਸੋਧ ਦੇ ਮੁਤਾਬਕ ਭਾਰਤੀ ਪੁਰਸ਼ ਔਸਤਨ ਘਰ ਦੇ ਕੰਮਾਂ ਵਿੱਚ 24 ਮਿੰਟ ਦਿੰਦੇ ਹਨ ਅਤੇ ਔਰਤਾਂ ਚਾਰ ਤੋਂ ਪੰਜ ਘੰਟੇ। ਹਾਲ ਹੀ ਵਿੱਚ ਓ ਟੀ ਟੀ ਪਲੇਟਫਾਰਮ ਤੇ 'ਮਿਸਜ਼' ਫਿਲਮ ਆਈ। ਇਹ ਫਿਲਮ ਮਲਿਆਲਮ ਫਿਲਮ 'ਦਾ ਗਰੇਟ ਇੰਡੀਅਨ ਕਿਚਨ' ਦੀ ਰੀਮੇਕ ਹੈ। ਇਸ ਫ਼ਿਲਮ ਤੋਂ ਬਾਅਦ ਦੇਸ਼ ਭਰ ਵਿੱਚ ਔਰਤਾਂ ਦੀ ਜ਼ਿੰਦਗੀ ਬਾਰੇ ਚਰਚਾ ਹੋਣ ਲੱਗੀ। ਅਖਬਾਰਾਂ ਵਿੱਚ, ਮੈਗਜ਼ੀਨਾਂ ਵਿੱਚ, ਨਿਊਜ਼ ਚੈਨਲਾਂ ਤੇ ਇਸ ਫ਼ਿਲਮ ਚ ਦਿਖਾਏ ਵਿਸ਼ੇ ਤੇ ਬਹਿਸ ਹੋਣ ਲੱਗੀ। ਫੈਨੇਨਿਜ਼ਮ ਬਾਰੇ ਡਿਬੇਟ ਛਿੜ ਗਈ ਹੈ।ਇਸ ਫਿਲਮ ਵਿੱਚ ਇਹ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਭਾਰਤੀ ਔਰਤਾਂ ਨੂੰ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਰਸੋਈ ਵਿੱਚ ਹੀ ਬਿਤਾਉਣਾ ਪੈਂਦਾ ਹੈ। ਇਸ ਫਿਲਮ ਵਿੱਚ ਰਿਚਾ ਨਾਮ ਦੀ ਲੜਕੀ ਜੋ ਕਿ ਇੱਕ ਡਾਂਸ ਗਰੁੱਪ ਨਾਲ ਜੁੜੀ ਹੋਈ ਹੈ, ਦਾ ਵਿਆਹ ਇੱਕ ਡਾਕਟਰ ਨਾਲ ਹੁੰਦਾ ਹੈ। ਹੁਣ ਉਸਦੀ ਦੁਨੀਆਂ ਵਿੱਚ ਸਿਰਫ ਰਸੋਈ ਹੈ, ਪਤੀ ਹੈ, ਸਾਰਾ ਪਰਿਵਾਰ ਹੈ, ਪਰ ਨਾ ਤਾਂ ਸੁਪਨੇ ਹਨ ਅਤੇ ਨਾ ਹੀ ਕੋਈ ਡਾਂਸ ਤੇ ਨਾ ਕੋਈ ਪੈਸ਼ਨ।

ਰਿਚਾ ਨੂੰ ਵਿਆਹ ਤੋਂ ਬਾਅਦ ਪਤਾ ਲੱਗਦਾ ਹੈ ਕਿ ਉਸ ਤੋਂ ਪੁਰਾਣੇ ਤਰੀਕਿਆਂ ਨਾਲ ਭੋਜਨ ਪਕਾਉਣ ਦੀ ਉਮੀਦ ਕੀਤੀ ਜਾਂਦੀ ਹੈ, ਜਿਸ ਤਰ੍ਹਾਂ ਕਿ ਮਿਕਸੀ ਵਿੱਚ ਚਟਨੀ ਬਣਾਉਣ ਦੀ ਥਾਂ ਸਿਲਵੱਟੇ ਤੇ ਚਟਨੀ ਦਾ ਕੁੱਟਣਾ। ਉਸ ਦਾ ਪਤੀ ਅਤੇ ਬਾਕੀ ਮੈਂਬਰ ਉਸ ਤੋਂ ਉਮੀਦ ਕਰਦੇ ਹਨ ਕਿ ਉਹਨਾਂ ਨੂੰ ਖਾਣਾ ਪਰੋਸਦੇ ਸਮੇਂ ਹੋਟਕੇਸ ਵਿੱਚ ਇਕੱਠੀਆਂ ਰੋਟੀਆਂ ਰੱਖਣ ਦੀ ਬਜਾਏ ਤਵੇ ਤੋਂ ਗਰਮਾ ਗਰਮ ਫੁਲਕਾ ਸਿੱਧਾ ਖਾਣੇ ਦੀ ਪਲੇਟ ਵਿੱਚ ਆਵੇ। ਰਾਤ ਨੂੰ ਜੂਠੇ ਬਰਤਨ ਸਾਫ ਕਰਨ ਦਾ ਰਿਵਾਜ਼ ਹੈ, ਕਿਉਂਕਿ ਰਾਤ ਨੂੰ ਛੱਡੇ ਜੂਠੇ ਬਰਤਨ ਸ਼ਰਾਪ ਦਿੰਦੇ ਹਨ। ਰਿਚਾ ਦੇ ਸਹੁਰੇ ਨੂੰ ਡਸਟ ਐਲਰਜ਼ੀ ਹੈ,ਜਿਸ ਕਰਕੇ ਉਸਨੂੰ ਹਰ ਪਾਸੇ ਸਾਫ ਸਫਾਈ ਚਾਹੀਦੀ ਹੈ। ਉਹ ਕੱਪੜੇ ਮਸ਼ੀਨ ਚ ਧੋਣ ਦੀ ਬਜਾਏ ਹੱਥ ਨਾਲ਼ ਧੋਣਾ ਪਸੰਦ ਕਰਦੇ ਹਨ, ਕਿਉਂਕਿ ਮਸ਼ੀਨ ਨਾਲ ਮੈਲ ਨਹੀਂ ਜਾਂਦੀ। ਇਸ ਦਾ ਅਸਰ ਇਹ ਹੁੰਦਾ ਹੈ ਕਿ ਉਸ ਨੂੰ ਘਰੇਲੂ ਕੰਮਾਂ ਤੋਂ ਵਿਹਲ ਹੀ ਨਹੀਂ ਮਿਲਦੀ ਅਤੇ ਉਸਦੀ ਜ਼ਿੰਦਗੀ ਨੀਰਸ ਹੁੰਦੀ ਜਾਂਦੀ ਹੈ। ਇਸ ਤਰ੍ਹਾਂ ਭਾਰਤੀ ਪੁਰਸ਼ਾਂ ਦੁਆਰਾ ਗਰਮਾ ਗਰਮ ਫੁਲਕਿਆਂ ਦੀ ਮੰਗ ਕਰਨ ਕਾਰਨ ਔਰਤਾਂ ਦੀਆਂ ਜ਼ਰੂਰਤਾਂ ਤੇ ਇੱਛਾਵਾਂ ਦਾ ਦਮਨ ਹੋ ਜਾਂਦਾ ਹੈ।

ਰਿਚਾ ਦੀ ਸੱਸ ਆਪਣੇ ਪਤੀ ਦੀਆਂ ਚੱਪਲਾਂ ਪਲੰਗ ਦੇ ਥੱਲਿਓਂ ਨਿਕਾਲ ਕੇ ਦਿੰਦੀ ਹੈ ਉਹ ਦਿਨ ਭਰ ਰਸੋਈ ਦੇ ਕੰਮਾਂ ਵਿੱਚ ਜੁਟੀ ਰਹਿੰਦੀ ਹੈ, ਜਿਸ ਦਾ ਮਕਸਦ ਕੇਵਲ ਸੁਆਦੀ ਖਾਣਾ ਬਣਾਉਣਾ ਹੈ। ਰਿਚਾ ਤੋਂ ਵੀ ਇਹ ਉਮੀਦ ਕੀਤੀ ਜਾਂਦੀ ਹੈ, ਜੋ ਉਸਦੀ ਸੱਸ ਕਰਦੀ ਆ ਰਹੀ ਹੈ। ਰਿਚਾ ਦੀ ਭੂਆ ਸੱਸ ਨੂੰ ਉਸਦਾ ਕੋਈ ਗੁਣ ਨਜ਼ਰ ਨਹੀਂ ਆਉਂਦਾ ਅਤੇ ਨਾ ਹੀ ਉਹ ਦੇਖਣ ਦੀ ਕੋਸ਼ਿਸ਼ ਕਰਦੀ ਹੈ। ਉਹਨਾਂ ਦੇ ਅਨੁਸਾਰ ਤਾਂ ਬੱਸ ਰਿਚਾ ਨੂੰ ਖਾਣਾ ਬਣਾਉਣਾ ਨਹੀਂ ਆਉਂਦਾ।

ਅੱਜ ਤੋਂ ਤਕਰੀਬਨ 30-40 ਸਾਲ ਪਹਿਲਾਂ ਜਦੋਂ ਦੁਨੀਆ ਇੱਕ ਮੋੜ ਤੇ ਰੁਕੀ ਹੋਈ ਸੀ। ਉਸ ਸਮੇਂ ਨੌਕਰੀਆਂ ਦੇ ਮੌਕੇ ਬਹੁਤ ਘੱਟ ਸਨ। ਪੁਰਸ਼ਾਂ ਦੀ ਸਭ ਤੋਂ ਵੱਡੀ ਤਮੰਨਾ ਸਰਕਾਰੀ ਨੌਕਰੀ ਪ੍ਰਾਪਤ ਕਰਨਾ ਅਤੇ ਘਰੇਲੂ ਔਰਤ ਨਾਲ ਵਿਆਹ ਕਰਾਉਣ ਦਾ ਇਹ ਸੀਮਤ ਸੀ। ਉਹਨਾਂ ਦਿਨਾਂ ਵਿੱਚ ਘਰਾਂ ਪਰਿਵਾਰਾਂ ਦੀਆਂ ਇੱਛਾਵਾਂ ਕੋਈ ਬਹੁਤੀਆਂ ਵੱਡੀਆਂ ਨਹੀਂ ਹੁੰਦੀਆਂ ਸਨ। ਉਹਨਾਂ ਸਮਿਆਂ ਵਿੱਚ ਵੱਡੀਆਂ ਕੋਠੀਆਂ, ਕਾਰਾਂ,ਚਮਚਮਾਉਂਦੇ ਸਾਧਨ ਅਤੇ ਪੈਸਿਆਂ ਦੇ ਦੌੜ ਨਹੀਂ ਸੀ। ਉਹਨਾਂ ਦਿਨਾਂ ਵਿੱਚ ਘਰ ਸਾਧਾਰਨ ਸਨ। ਉਸ ਸਮੇਂ ਵਿੱਚ ਭਵਿੱਖ ਲਈ ਪੈਸੇ ਜੋੜਨ ਅਤੇ ਬੱਚਿਆਂ ਦੇ ਭਵਿੱਖ ਦੀ ਕੋਈ ਚਿੰਤਾ ਨਹੀਂ ਹੁੰਦੀ ਸੀ। ਉਹਨਾਂ ਦਿਨਾਂ ਵਿੱਚ ਘਰਾਂ ਦੇ ਪੁਰਸ਼ ਇੱਕ ਰਾਜੇ ਮਹਾਰਾਜਿਆਂ ਵਰਗੀ ਜ਼ਿੰਦਗੀ ਬਿਤਾਉਂਦੇ ਸਨ। ਉਹਨਾਂ ਲਈ ਸਵੇਰੇ ਗਰਮਾ ਗਰਮ ਚਾਹ, ਗਰਮ ਫੁਲਕੇ ਰਾਤ ਦਾ ਗਰਮਾ ਗਰਮ ਖਾਣਾ ਉਪਲਬਧ ਰਹਿੰਦਾ ਸੀ। ਇੱਕ ਸਧਾਰਨ ਨੌਕਰੀ ਪੇਸ਼ਾ ਜਾਂ ਸਧਾਰਨ ਕੰਮ ਕਰਨ ਵਾਲੇ ਪੁਰਸ਼ ਵੀ ਰਾਤ ਦੇ ਖਾਣੇ ਵਿੱਚ ਕਈ ਵਿਅੰਜਨ ਪਰੋਸੇ ਜਾਂਦੇ ਸਨ। ਦੋ ਦੋ ਸਬਜ਼ੀਆਂ, ਰਾਇਤਾ, ਚਟਨੀ, ਲੱਸੀ, ਘਿਓ, ਗੁੜ, ਆਚਾਰ ਇਸ ਤੋਂ ਬਾਅਦ ਮਿਠਾਈ ਪਰੋਸਣਾ ਸਾਡੀ ਭਾਰਤੀ ਰਿਵਾਇਤ ਸੀ। ਬਹੁਤੇ ਭਾਰਤੀ ਪਰਿਵਾਰਾਂ ਵਿੱਚ ਇਹ ਰਵਾਇਤ ਅੱਜ ਵੀ ਕਾਇਮ ਹੈ।

ਸੋ ਇਸੇ ਰਵਾਇਤ ਤਹਿਤ ਇੱਕ ਸਾਂਝੇ ਪਰਿਵਾਰ ਵਿੱਚ ਵਿਆਹ ਕੇ ਆਈ ਮੱਧ ਵਰਗੀ ਘਰੇਲੂ ਕੁੜੀ ਰਿਚਾ ਲਈ ਇਹ ਸਭ ਕੁਝ ਅਟਪਟਾ ਸੀ, ਕਿਉਂਕਿ ਉਸ ਪਰਿਵਾਰ ਵਿੱਚ ਪੁਰਸ਼ ਦੀ ਪਤਨੀ 24 ਘੰਟੇ ਉਸ ਦੀ ਸੇਵਾ ਵਿੱਚ ਹਾਜ਼ਰ ਰਹਿੰਦੀ ਸੀ। ਇਹ ਵਿਵਸਥਾ ਸਦੀਆਂ ਤੋਂ ਚਲਦੀ ਆ ਰਹੀ ਹੈ।ਪੁਰਸ਼ਾਂ ਨੇ ਇਸ ਅਵਸਥਾ ਨੂੰ ਚਲਾਈ ਰੱਖਣ ਲਈ ਬਹੁਤ ਸਾਰੇ ਸੰਘਰਸ਼ ਵੀ ਕੀਤੇ ਤਾਂ ਕਿ ਪੁਰਸ਼ ਪ੍ਰਭੁਸੱਤਾ ਬਣੀ ਰਹੇ। ਜੋ ਉਸਨੂੰ ਵੱਧ ਮਹੱਤਵਪੂਰਨ ਮਹਿਸੂਸ ਕਰਾਉਂਦੀ ਹੈ। ਅੱਜਕੱਲ੍ਹ ਦੀਆਂ ਔਰਤਾਂ ਵਾਂਗ ਰਿਚਾ ਆਪਣੀ ਕਮਾਈ ਲਈ ਘਰ ਤੋਂ ਬਾਹਰ ਜਾਣਾ ਚਾਹੁੰਦੀ ਹੈ ਪਰ ਪਰਿਵਾਰ ਇਸਦੀ ਇਜ਼ਾਜ਼ਤ ਨਹੀਂ ਦਿੰਦਾ।

ਅੱਜ ਤਸਵੀਰ ਬਹੁਤ ਬਦਲ ਚੁੱਕੀ ਹੈ ਅੱਜ ਔਰਤ ਆਰਥਿਕ ਤੌਰ ਤੇ ਪਤੀ ਤੇ ਨਿਰਭਰ ਨਹੀਂ, ਬਲਕਿ ਉਹ ਖ਼ੁਦ ਕਮਾਊ ਹੈ। ਇਸ ਹਾਲਤ ਵਿੱਚ ਉਸਦੇ ਦੁਆਰਾ ਉਮੀਦ ਕੀਤੀ ਜਾਂਦੀ ਹੈ ਕਿ ਪਤੀ ਵੀ ਬਰਾਬਰ ਘਰ ਦੇ ਕੰਮਾਂ ਵਿੱਚ ਮੱਦਦ ਕਰਾਵੇ। ਪਰ ਕੀ ਪਤੀ ਘਰਦੇ ਕੰਮਾਂ ਵਿੱਚ ਮੱਦਦ ਵੀ ਕਰਦਾ ਹੈ, ਸ਼ਾਇਦ ਇਹ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੋਵੇਗੀ।ਔਰਤਾਂ ਨੂੰ ਸਿਰਫ ਸਾਂਝੇ ਪਰਿਵਾਰਾਂ ਵਿੱਚ ਹੀ ਨਹੀਂ ਬਲਕਿ ਨਿਊਕਲੀਅਰ ਪਰਿਵਾਰਾਂ ਵਿੱਚ ਵੀ ਕੰਮਾਂ ਦੇ ਵਰਕ ਲੋਡ ਮਾਨਸਿਕ ਬੋਝ ਝੱਲਣਾ ਪੈਂਦਾ ਹੈ।

ਨੌਕਰੀ ਪੇਸ਼ਾ ਹੋਣ ਕਰਕੇ ਹਰ ਰੋਜ਼ ਸਵੇਰੇ ਤਾਜ਼ਾ ਨਾਸ਼ਤਾ ਤੇ ਲੰਚ ਤਿਆਰ ਕਰਨਾ, ਖਵਾਉਣਾ, ਲੰਚ ਪੈਕ ਕਰਨਾ, ਬੱਚਿਆਂ ਨੂੰ ਸਕੂਲ਼ ਲਈ ਤਿਆਰ ਕਰਨਾ, ਆਪ ਤਿਆਰ ਹੋਣਾ। ਅਕਸਰ ਸਵੇਰ ਸਮੇਂ ਤੋਂ ਹੀ ਔਰਤਾਂ ਅੱਗੇ ਕੰਮਾਂ ਦਾ ਪਹਾੜ ਮੂੰਹ ਅੱਡੀ ਖੜ੍ਹਾ ਰਹਿੰਦਾ ਹੈ। ਸਾਡੇ ਘਰਾਂ ਵਿੱਚ ਪਰੰਪਰਾਗਤ ਰਿਵਾਜਾਂ ਦੇ ਚੱਲਦੇ ਇਹ ਆਸ਼ਾ ਕੀਤੀ ਜਾਂਦੀ ਹੈ ਕਿ ਔਰਤਾਂ ਨੇ ਕੰਮਕਾਜ ਕਰਕੇ ਘਰ ਸੰਭਾਲਣੇ ਹਨ। ਗੱਲ ਸਿਰਫ ਕੰਮ ਦੀ ਨਹੀਂ ਬਲਕਿ ਕੰਮਾਂ ਨੂੰ ਯਾਦ ਰੱਖਣਾ, ਸਮੇਂ ਸਿਰ ਨਿਪਟਾਉਣਾ, ਕੰਮਾਂ ਨੂੰ ਕਿਸੇ ਹੋਰ ਤੋਂ ਕਰਵਾਉਣਾ ਇਹ ਵੀ ਵੱਡੀਆਂ ਚੁਣੌਤੀਆਂ ਹਨ। ਹੋਰ ਤਾਂ ਹੋਰ ਘਰ ਦੇ ਹਰ ਮੈਂਬਰ ਦੀ ਪਸੰਦ ਦਾ ਧਿਆਨ ਰੱਖਣਾ ਅਤੇ ਮੇਡ ਤੋਂ ਕੰਮ ਕਰਵਾਉਣਾ ਵੀ ਇਕ ਅਹਿਮ ਚੁਣੌਤੀ ਹੈ।

ਅੱਜ ਕੱਲ੍ਹ ਤਾਂ ਪਤੀ ਪਤਨੀ ਘਰ ਦੇ ਕੰਮਾਂ ਨੂੰ ਬਰਾਬਰ ਵੰਡਣ ਦੀ ਕੋਸ਼ਿਸ਼ ਕਰਦੇ ਹਨ। ਪਰ ਇੱਕ ਸੋਧ ਅਨੁਸਾਰ ਪਰਿਵਾਰਾਂ ਵਿੱਚ ਬਜ਼ੁਰਗ ਦੀ ਸੇਵਾ ਜਿਹੇ ਮਾਨਸਿਕ ਬੋਝ ਵਾਲੇ ਦਸ ਕੰਮਾਂ ਵਿੱਚੋਂ ਸੱਤ ਕੰਮ ਔਰਤਾਂ ਦੁਆਰਾ ਹੀ ਕੀਤੇ ਜਾਂਦੇ ਹਨ। ਇਸ ਸਭ ਦੇ ਬਾਵਜੂਦ ਨੌਕਰੀ ਪੇਸ਼ਾ ਔਰਤਾਂ ਲਈ ਆਫਿਸ ਦਾ ਕੰਮ ਮੈਨੇਜ਼ ਕਰਕੇ ਵਰਕ ਲਾਈਫ ਬੈਲੈਂਸ ਬਣਾਉਣਾ ਅਤੇ ਛੋਟੇ ਬੱਚਿਆਂ ਨੂੰ ਸੰਭਾਲਣਾ ਵੀ ਹੁੰਦਾ ਹੈ। ਇਹ ਸਭ ਕੰਮ ਗੈਰ ਆਰਥਿਕ ਹੋਣ ਕਰਕੇ ਉਹਨਾਂ ਨੂੰ ਕੋਈ ਪ੍ਰਸ਼ੰਸ਼ਾ ਵੀ ਨਹੀਂ ਮਿਲਦੀ। ਇਸ ਤਰ੍ਹਾਂ ਦੇ ਵਰਕਲੋਡ ਕਰਕੇ ਔਰਤਾਂ ਆਈ.ਬੀ.ਐੱਸ. ਵਰਗੀਆਂ ਬਿਮਾਰੀਆਂ ਲਗਾ ਲੈਂਦੀਆਂ ਹਨ। ਜੇਕਰ ਭਾਰਤੀ ਔਰਤਾਂ ਨੂੰ ਏਨਾ ਭੋਜਨ ਤਿਆਰ ਕਰਨ ਦੇ ਬੋਝ ਤੋਂ ਮੁਕਤੀ ਦੇ ਦਿੱਤੀ ਜਾਵੇ ਤਾਂ ਉਹ ਆਪਣੀ ਊਰਜਾ ਆਪਣੀ ਪ੍ਰੀਤਿਭਾ, ਕਲਾ ਅਤੇ ਆਪਣੇ ਗੁਣਾਂ ਨੂੰ ਨਿਖਾਰਨ ਵਿੱਚ ਲਗਾ ਸਕਦੀ ਹੈ, ਜਿਸ ਨਾਲ ਸਾਡੇ ਦੇਸ਼ ਦੀ ਆਰਥਿਕਤਾ ਨੂੰ ਵੀ ਹੁਲਾਰਾ ਮਿਲੇਗਾ। ਜਿੰਨਾ ਚਿਰ ਸਾਡਾ ਦੇਸ਼ ਔਰਤਾਂ ਨੂੰ ਘਰੇਲੂ ਕੰਮਾਂ ਤੋਂ ਮੁਕਤ ਨਹੀਂ ਕਰਦਾ ਓਨਾ ਚਿਰ ਉਹ ਇਕ ਵਿਕਸਤ ਰਾਸ਼ਟਰ ਨਹੀਂ ਬਣ ਸਕੇਗਾ।

ਭਾਵੇਂ ਇਸ ਫ਼ਿਲਮ ਨੇ ਔਰਤਾਂ ਦੀ ਦੁਨੀਆਂ ਨੂੰ ਸ਼ੀਸ਼ੇ ਵਾਂਗ ਸਾਫ਼ ਕਰਕੇ ਦੱਸ ਦਿੱਤਾ ਅਤੇ ਪੂਰੀ ਦੁਨੀਆਂ ਲਈ ਰਿਚਾ ਪੀੜਤ ਹੈ ਪਰ ਦੂਜੇ ਪਾਸੇ ਕਈ ਸਥਿਤੀਆਂ ਵਿੱਚ ਵੇਖਿਆ ਗਿਆ ਹੈ ਕਿ ਅੱਜਕਲ੍ਹ ਤਸਵੀਰ ਅਜਿਹੀ ਬਣ ਰਹੀ ਹੈ ਕਿ ਪਤੀ ਆਪਣੀ ਬੀਵੀ ਤੋਂ ਅਤੇ ਸੱਸ ਸਹੁਰਾ ਆਪਣੀ ਨੂੰਹ ਤੋਂ ਡਰਦੇ ਹਨ। ਅੱਜ ਨਵੀਂ ਵਿਆਹ ਕੇ ਆਈ ਔਰਤ ਕਿਸੇ ਅਦ੍ਰਿਸ਼ ਪ੍ਰਭਾਵ ਥੱਲੇ ਇਹ ਸਮਝਦੀ ਹੈ ਕਿ ਪਤੀ ਨੇ ਬਾਹਰ ਜਾ ਕੇ ਕਮਾਉਣਾ ਹੈ ਤੇ ਉਸਨੇ ਪਤੀ ਦੇ ਪੈਸਿਆਂ ਤੇ ਐਸ਼ ਕਰਨੀ ਹੈ । ਘਰ ਦੇ ਕੰਮਾਂ ਕਾਰਾਂ ਲਈ ਘਰ ਵਿੱਚ ਮੇਡ ਅਤੇ ਨੌਕਰ ਹੋਣ। ਇਹ ਫ਼ਿਲਮ ਇਸ ਗੰਭੀਰ ਸਮੱਸਿਆ ਪ੍ਰਤੀ ਦਰਸ਼ਕਾਂ ਅੱਗੇ ਕੋਈ ਸੁਝਾਅ ਜਾਂ ਹੱਲ ਨਹੀਂ ਦੱਸਦੀ ਬੱਸ ਦਰਸ਼ਕਾਂ ਅੱਗੇ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦੀ ਹੈ, ਜਿਸ ਦਾ ਫ਼ੈਸਲਾ ਅੱਜ ਦੇ ਹਾਲਾਤਾਂ ਅਨੁਸਾਰ ਔਰਤਾਂ ਅਤੇ ਪੁਰਸ਼ਾਂ ਨੇ ਖ਼ੁਦ ਕਰਨਾ ਹੈ।

# ਜ਼ਿਲ੍ਹੇ ਵਿਚ ਮਨਜ਼ੂਰੀ ਲਏ ਬਿਨਾਂ ਯਾਦਗਾਰੀ ਗੇਟਾਂ ਦੀ ਉਸਾਰੀ 'ਤੇ ਰੋਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਮੈਜਿਸਟਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹੇ ਵਿਚ ਕੋਈ ਵੀ ਵਿਅਕਤੀ/ਸੰਸਥਾ ਸਰਕਾਰੀ/ਪੰਚਾਇਤੀ ਜਗ੍ਹਾ 'ਤੇ ਕੋਈ ਗੇਟ ਨਹੀਂ ਉਸਾਰੇਗਾ। ਜੇਕਰ ਅਜਿਹਾ ਕੋਈ ਯਾਦਗਾਰੀ ਗੇਟ ਉਸਾਰਨਾ ਹੋਵੇ ਤਾਂ ਪਹਿਲਾਂ ਸਬੰਧਤ ਵਿਭਾਗ ਤੋਂ ਪ੍ਰਵਾਨਗੀ ਲੈਣ ਉਪਰੰਤ ਹੀ ਮਨਜ਼ੂਰੀ ਦਫ਼ਤਰ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਲਈ ਜਾਵੇ। ਜਾਰੀ ਹੁਕਮਾਂ ਵਿਚ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਹੈ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਪਿੰਡਾਂ ਵਿਚ ਲੋਕ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਯਾਦ ਵਿਚ ਯਾਦਗਾਰੀ ਗੇਟ ਸਰਕਾਰੀ/ਪੰਚਾਇਤ ਦੀ ਜਗ੍ਹਾ 'ਤੇ ਬਿਨਾਂ ਕਿਸੇ ਦੀ ਮਨਜ਼ੂਰੀ ਲਏ ਅਤੇ ਬਿਨਾਂ ਕਿਸੇ ਸਮਰੱਥ ਵਿਭਾਗ ਤੋਂ ਪਾਸ ਕਰਵਾਏ ਆਪਣੀ ਮਨਮਰਜ਼ੀ ਨਾਲ ਬਣਾ ਲੈਂਦੇ ਹਨ। ਇਸ ਤਰ੍ਹਾਂ ਨਾਲ ਜਿਥੇ ਸਰਕਾਰੀ ਜਗ੍ਹਾ 'ਤੇ ਨਾਜਾਇਜ਼ ਕਬਜ਼ਾ ਕਰ ਲਿਆ ਜਾਂਦਾ ਹੈ, ਉਥੇ ਇਸ ਤਰਾਂ ਬਣਾਏ ਗਏ ਗੇਟਾਂ ਦੇ ਡਿਗਣ ਦਾ ਖ਼ਤਰਾ ਵੀ ਹਰ ਵੇਲੇ ਬਣਿਆ ਰਹਿੰਦਾ ਹੈ, ਜਿਸ ਨਾਲ ਜਾਨੀ/ਮਾਲੀ



ਨੁਕਸਾਨ ਹੋਣ ਦਾ ਵੀ ਡਰ ਬਣਿਆ ਰਹਿੰਦਾ ਹੈ। ਇਸ ਲਈ ਜ਼ਿਲ੍ਹੇ ਵਿਚ ਇਸ ਤਰਾਂ ਦੇ ਗੇਟ ਉਸਾਰਨ 'ਤੇ ਪਾਬੰਦੀ ਲਗਾਈ ਜਾਣੀ ਜ਼ਰੂਰੀ ਹੈ। ਇਹ ਹੁਕਮ 31 ਮਾਈ, 2025 ਤੱਕ ਲਾਗੂ ਰਹਿਣਗੇ।

# ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਪੂਰਾ ਕਰਨ ਵਿਚ ਸਹਿਯੋਗ ਦੇ ਰਹੀ ਹੈ ਸੀ. ਐਮ ਦੀ ਯੋਗਸ਼ਾਲਾ

## ਲੋਕਾਂ ਨੂੰ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਤੋਂ ਮਿਲ ਰਹੀ ਹੈ ਨਿਜ਼ਾਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 5 ਅਕਤੂਬਰ 2023 ਤੋਂ ਸ਼ਹੀਦ ਭਗਤ ਸਿੰਘ ਨਗਰ ਵਿਚ ਮੁਫ਼ਤ ਯੋਗ ਕਲਾਸਾਂ ਸੀ.ਐਮ ਦੀ ਯੋਗਸ਼ਾਲਾ ਦੇ ਅਧੀਨ ਚੱਲ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਇਹ ਕਲਾਸਾਂ



ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲਾਸਾਂ ਨੂੰ ਇਕ ਸੁਪਰਵਾਈਜ਼ਰ ਤੇ ਯੋਗ ਟ੍ਰੇਨਰਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਲੋਕਾਂ ਦੀ ਮੰਗ ਅਨੁਸਾਰ ਚਲਾਇਆ ਜਾ ਰਿਹਾ ਹੈ ਅਤੇ ਲੋਕਾਂ ਦੀ ਜੀਵਨ ਸ਼ੈਲੀ ਵਿਚ ਸੁਧਾਰ ਕਰਦੇ ਹੋਏ ਯੋਗ ਦੇ ਫਾਇਦਿਆਂ ਬਾਰੇ ਵੀ ਉਨ੍ਹਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਭਰ ਵਿਚ ਸ਼ੁਰੂ ਕੀਤੀਆਂ ਯੋਗਾ ਕਲਾਸਾਂ ਵਿਚ ਸ਼ਾਮਿਲ ਹੋਣ ਤੋਂ ਬਾਅਦ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਰਾਹਤ ਮਿਲ ਰਹੀ ਹੈ, ਜਿਸ ਵਿਚ ਯੋਗਾਤਮਕ ਸੂਖਮ ਅਭਿਆਸ, ਆਸਣ, ਪ੍ਰਾਣਾਯਾਮ ਅਤੇ ਧਿਆਨ ਸਿਖਾਇਆ ਜਾਂਦਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸੀ.ਐਮ ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਮੈਡਮ ਕਿਰਨ ਬਾਲਾ ਨੇ ਦੱਸਿਆ ਕਿ ਹਰੇਕ ਉਮਰ ਦੇ ਲੋਕ ਇਨ੍ਹਾਂ ਕਲਾਸਾਂ ਵਿਚ ਸ਼ਾਮਲ ਹੋ ਰਹੇ ਹਨ ਅਤੇ ਉਹ ਜੋੜਾਂ ਦੇ ਦਰਦ, ਸ਼ੂਗਰ, ਥਾਇਰਾਇਡ, ਬਲੱਡ ਪ੍ਰੈਸ਼ਰ ਆਦਿ ਕਈ ਬਿਮਾਰੀਆ ਤੋਂ ਰਾਹਤ ਪਾ ਰਹੇ ਹਨ। ਲੋਕਾਂ ਦੁਆਰਾ ਨਿਯਮਿਤ ਤੌਰ 'ਤੇ ਯੋਗ ਕਰਨ ਨਾਲ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦੇ ਵਿਚ ਬਹੁਤ ਫਾਇਦਾ ਮਿਲ ਰਿਹਾ ਹੈ ਤੇ ਉਹ ਪਹਿਲਾਂ ਨਾਲੋਂ ਜ਼ਿਆਦਾ ਤੰਦਰੁਸਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਇਸ ਅਹਿਮ ਉਪਰਾਲੇ ਲਈ ਪੰਜਾਬ ਸਰਕਾਰ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

# ਸਫਾਈ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਇਹ ਸਾਡੇ ਸਾਰਿਆਂ ਦੀ ਸਮੂਹਿਕ ਜ਼ਿੰਮੇਵਾਰੀ ਹੈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ:- 6 ਅਪ੍ਰੈਲ (ਸ਼ਿਵ ਕੌੜਾ) ਸਵੱਛਤਾ ਅਭਿਆਨ ਸੋਸਾਇਟੀ, ਫਗਵਾੜਾ ਦੀ ਰਜਿਸਟਰਡ ਦੀ ਯੂਨਿਟ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ, ਬੇਬੀ ਨਾਨਕੀ, ਸਤਨਾਮਪੁਰਾ, ਫਗਵਾੜਾ ਵਿੱਚ ਸੋਸਾਇਟੀ ਦੀ ਯੂਨਿਟ ਡਾਇਰੈਕਟਰ ਮੈਡਮ ਰਜਨੀ ਗੁਪਤਾ ਦੀ ਪ੍ਰਧਾਨਗੀ ਹੇਠ ਜੀਐਨਏ ਯੂਨੀਵਰਸਿਟੀ ਦੀ ਵਿਦਿਆਰਥਣ ਅਨਮੋਲਦੀਪ ਕੌਰ ਦੁਆਰਾ ਸਕੂਲ ਦੇ ਅਧਿਆਪਕਾਂ ਅਤੇ ਬੱਚਿਆਂ ਲਈ ਸਫਾਈ ਵਿਸ਼ੇ 'ਤੇ ਇੱਕ




ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਮੈਡਮ ਰਜਨੀ ਗੁਪਤਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਬੱਚਿਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਅਨਮੋਲਦੀਪ ਕੌਰ ਨੇ ਕਿਹਾ ਕਿ ਸਫ਼ਾਈ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਇਹ ਸਾਡੇ ਸਾਰਿਆਂ ਦੀ ਸਮੂਹਿਕ ਜ਼ਿੰਮੇਵਾਰੀ ਹੈ। ਜੇਕਰ ਹਰ ਵਿਅਕਤੀ ਆਪਣੇ ਪੱਧਰ 'ਤੇ ਸਫ਼ਾਈ ਦੇ ਨਿਯਮਾਂ ਦੀ ਪਾਲਣਾ ਕਰੇ, ਤਾਂ ਸਮਾਜ ਅਤੇ ਦੇਸ਼ ਦੋਵੇਂ ਸਾਫ਼ ਅਤੇ ਸਿਹਤਮੰਦ ਬਣ ਸਕਦੇ ਹਨ। ਸਾਨੂੰ ਨਾ ਸਿਰਫ਼ ਖੁਦ ਸਾਫ਼ ਰਹਿਣਾ ਚਾਹੀਦਾ ਹੈ ਸਗੋਂ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਆਓ ਆਪਾਂ ਸਫ਼ਾਈ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਈਏ ਅਤੇ ਇੱਕ ਬਿਹਤਰ ਭਵਿੱਖ ਵੱਲ ਵਧੀਏ। ਸੰਸਥਾ ਦੇ ਪ੍ਰਧਾਨ ਅਸ਼ੀਸ਼ ਗਾਂਧੀ ਨੇ ਅਨਮੋਲਦੀਪ ਕੌਰ ਨੂੰ ਉਨ੍ਹਾਂ ਦੀ ਸਫਲ ਵਰਕਸ਼ਾਪ ਲਈ ਵਧਾਈ ਦਿੱਤੀ ਅਤੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਘਰ, ਸਕੂਲ ਅਤੇ ਜਨਤਕ ਥਾਵਾਂ ਨੂੰ ਸਾਫ਼ ਰੱਖਣਾ ਸਾਡੀ ਜ਼ਿੰਮੇਵਾਰੀ ਹੈ। ਜਦੋਂ ਅਸੀਂ ਆਪਣੇ ਘਰ, ਸਕੂਲ, ਦਫ਼ਤਰ ਅਤੇ ਜਨਤਕ ਥਾਵਾਂ ਨੂੰ ਸਾਫ਼ ਰੱਖਦੇ ਹਾਂ, ਤਾਂ ਅਸੀਂ ਨਾ ਸਿਰਫ਼ ਇੱਕ ਸੁੰਦਰ ਵਾਤਾਵਰਣ ਬਣਾਉਂਦੇ ਹਾਂ ਸਗੋਂ ਬਿਮਾਰੀਆਂ ਦੇ ਫੈਲਣ ਨੂੰ ਵੀ ਰੋਕਦੇ ਹਾਂ। ਛੋਟੀਆਂ-ਛੋਟੀਆਂ ਸਫ਼ਾਈ ਦੀਆਂ ਆਦਤਾਂ ਅਪਣਾ ਕੇ, ਅਸੀਂ ਨਾ ਸਿਰਫ਼ ਆਪਣੇ ਆਪ ਨੂੰ ਸਗੋਂ ਸਮਾਜ ਨੂੰ ਵੀ ਸਿਹਤਮੰਦ ਅਤੇ ਖੁਸ਼ਹਾਲ ਬਣਾ ਸਕਦੇ ਹਾਂ। ਮੈਡਮ ਰਜਨੀ ਗੁਪਤਾ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ

# ਸਚਦੇਵਾ ਸਟਾਕਸ ਹੁਸ਼ਿਆਰਪੁਰ ਸਾਈਕਲੋਥੌਨ ਸੀਜ਼ਨ-7 ਮੁਕੰਮਲ ਦੀਆਂ ਤਿਆਰੀਆਂ ਕਰ ਰਿਹਾ ਹੈ

## ਅੱਜ 350 ਸਾਈਕਲਿਸਟ ਹਿੱਸਾ ਲੈਣਗੇ, 100 ਕਿਲੋਮੀਟਰ ਦੀ ਦੂਰੀ ਤੈਅ ਕਰਨਗੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ ਕਰਵਾਏ ਜਾ ਰਹੇ ਸਚਦੇਵਾ ਸਟਾਕਸ ਹੁਸ਼ਿਆਰਪੁਰ ਸਾਈਕਲੋਥਨ ਸੀਜ਼ਨ-7 ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ, ਇਹ ਜਾਣਕਾਰੀ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸਚਦੇਵਾ ਨੇ ਇੱਥੇ ਸਚਦੇਵਾ ਸਟਾਕਸ ਦੇ ਮੁੱਖ ਦਫ਼ਤਰ ਵਿਖੇ ਕਲੱਬ ਮੈਂਬਰਾਂ ਨਾਲ ਮੀਟਿੰਗ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਐਤਵਾਰ ਨੂੰ ਸਵੇਰੇ 7 ਵਜੇ ਲੋਕ ਸਭਾ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ, ਡਿਪਟੀ



ਕਮਿਸ਼ਨਰ ਆਸ਼ਿਕਾ ਜੈਨ ਅਤੇ ਐੱਸਐੱਸਪੀ ਸੰਦੀਪ ਕੁਮਾਰ ਮਲਿਕ ਸਾਂਝੇ ਤੌਰ 'ਤੇ ਇਸ ਸਾਈਕਲੋਥੌਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨਗੇ। ਪਰਮਜੀਤ ਸਿੰਘ ਸਚਦੇਵਾ ਨੇ ਦੱਸਿਆ ਕਿ ਇਸ ਸਾਈਕਲੋਥੌਨ ਵਿੱਚ 55 ਵੱਖ-ਵੱਖ ਸ਼ਹਿਰਾਂ ਤੋਂ 350 ਸਾਈਕਲਿਸਟ ਭਾਗ ਲੈਣ ਜਾ ਰਹੇ ਹਨ ਅਤੇ ਇਸ ਸਾਈਕਲੋਥੌਨ ਦਾ ਵਿਸ਼ਾ ਨਸ਼ਿਆਂ ਵਿਰੁੱਧ ਜੰਗ ਰੱਖਿਆ ਗਿਆ ਹੈ, ਜੋ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਵਿੱਢੀ ਗਈ ਮੁਹਿੰਮ ਹੈ। ਸਾਈਕਲੋਥੌਨ ਦੀ ਸ਼ੁਰੂਆਤ ਤੋਂ ਪਹਿਲਾਂ ਨਸ਼ਿਆਂ ਵਿਰੁੱਧ ਦਸਤਖਤ ਮੁਹਿੰਮ ਵੀ ਚਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਾਈਕਲੋਥੌਨ ਲਈ ਸਾਈਕਲ ਸਵਾਰ ਸਵੇਰੇ 6 ਵਜੇ ਸਚਦੇਵਾ ਸਟਾਕਸ ਦੇ ਮੁੱਖ ਦਫ਼ਤਰ ਪਹੁੰਚਣਗੇ, ਜਿੱਥੇ ਆਸ਼ਾ ਕਿਰਨ ਸਪੈਸ਼ਲ ਸਕੂਲ ਦੇ ਸਪੈਸ਼ਲ ਬੱਚਿਆਂ ਵੱਲੋਂ ਇੱਕ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਦੌਰਾਨ ਸਾਈਕਲ ਸਵਾਰ ਹੁਸ਼ਿਆਰਪੁਰ ਤੋਂ ਟਾਂਡਾ-ਚੌਲਾਂਗ ਤੱਕ 100 ਕਿਲੋਮੀਟਰ ਦੀ ਦੂਰੀ ਤੈਅ ਕਰਨਗੇ ਅਤੇ ਫਿਰ ਵਾਪਸ ਹੁਸ਼ਿਆਰਪੁਰ ਪਹੁੰਚਣਗੇ। ਪਰਮਜੀਤ ਸਚਦੇਵਾ ਨੇ ਦੱਸਿਆ ਕਿ ਇਸ ਸਮੇਂ ਕਲੱਬ ਦੀ ਤਰਫੋਂ 1 ਲੱਖ 40 ਹਜ਼ਾਰ ਰੁਪਏ ਦਾ ਚੈੱਕ ਆਸ਼ਾ ਕਿਰਨ ਸਕੂਲ ਦੀ ਕਮੇਟੀ ਨੂੰ ਸੌਂਪਿਆ ਜਾਵੇਗਾ। ਇਸ ਸਮੇਂ ਉੱਤਮ ਸਿੰਘ ਸਾਬੀ, ਮੁਨੀਰ ਨਾਜ਼ਰ, ਸੰਜੀਵ ਸੋਹਲ, ਊਕਣ ਸਿੰਘ ਚੱਬੇਵਾਲ, ਅਮਰਿੰਦਰ ਸੈਣੀ, ਗੁਰਵਿੰਦਰ ਸਿੰਘ, ਤਰਲੋਚਨ ਸਿੰਘ, ਗੁਰਮੇਲ ਸਿੰਘ, ਹਰਕ੍ਰਿਸ਼ਨ ਕਾਜਲਾ, ਰੋਹਿਤ ਬੱਸੀ, ਸੌਰਵ ਸ਼ਰਮਾ, ਦੌਲਤ ਸਿੰਘ, ਸਾਗਰ ਸੈਣੀ ਆਦਿ ਵੀ ਹਾਜ਼ਰ ਸਨ।

# ਪੰਜਾਬ ਰੋਡਵੇਜ ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਨੇ ਬੱਸ ਸਟੈਂਡ ਤੇ ਮੀਟਿੰਗ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਰੋਡਵੇਜ਼ ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਬੱਸ ਸਟੈਂਡ ਵਿਖੇ ਸ. ਕੁਲਦੀਪ ਸਿੰਘ ਅਜੜਾਮ ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਸ਼ੁਰੂ ਹੋਣ ਤੇ ਇਸ ਜਥੇਬੰਦੀ ਵਿੱਚ ਨਵੇਂ ਆਏ ਮੈਂਬਰ ਸ਼੍ਰੀ ਰਾਮ ਪ੍ਰਕਾਸ਼ ਇੰਸਪੈਕਟਰ ਪੰਜਾਬ ਰੋਡਵੇਜ਼ ਨਵਾਂ ਸ਼ਹਿਰ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ 70 ਸਾਲ ਦੀ ਉਮਰ ਪਾਰ ਕਰ ਚੁੱਕੇ ਮੈਂਬਰ ਸਰਵਸ਼੍ਰੀ ਕੁਲਦੀਪ ਸਿੰਘ ਅਜੜਾਮ ਐਨ. ਆਰ.ਆਈ, ਸੋਹਣ ਲਾਲ ਡਰਾਈਵਰ ਸਰਪੰਚ ਬੱਸੀ ਬੱਲੋ, ਰਤਨ ਸਿੰਘ ਸਾਬਕਾ ਇੰਸਪੈਕਟਰ, ਹਰਦੀਸ਼ ਸਿੰਘ ਸਾਬਕਾ ਇੰਸਪੈਕਟਰ ਨਵਾਂ ਸ਼ਹਿਰ ਅਤੇ ਪ੍ਰੇਮ ਸਿੰਘ ਡਵਿੱਡਾ ਸਾਬਕਾ ਟੀਜ਼ੀ-1 ਨੂੰ ਲੋਈ ਅਤੇ ਮੋਮੈਂਟੋ ਨਾਲ ਸਨਮਾਨਿਤ ਕੀਤਾ। ਇਸ ਤੋਂ ਬਾਅਦ ਇਸ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਅਜੜਾਮ, ਮੀਤ ਪ੍ਰਧਾਨ ਹਰਜਿੰਦਰ



ਸਿੰਘ ਗਿੱਲ, ਅਵਤਾਰ ਸਿੰਘ ਝਿੰਗੜ ਚੇਅਰਮੈਨ, ਗੁਰਬਖਸ਼ ਸਿੰਘ ਮਨਕੋਟੀਆ ਸਟੇਜ ਸਕੱਤਰ ਗਿਆਨ ਸਿੰਘ ਜਨਰਲ ਸਕੱਤਰ ,ਗੁਰਬਖਸ਼ ਸਿੰਘ ਸੁਪਰਡੈਂਟ ਦਫ਼ਤਰੀ ਸਕੱਤਰ ਅਤੇ ਕਸ਼ਮੀਰ ਸਿੰਘ ਹਰਗੜ੍ਹ ਮੀਤ ਪ੍ਰਧਾਨ ਨੇ ਸਾਂਝੇ ਤੌਰ ਤੇ ਬੋਲਦਿਆਂ ਮੌਜੂਦਾ ਸਰਕਾਰ ਨੂੰ ਕੋਸਦਿਆਂ ਇੱਕ ਨਿਕੰਮੀ ਸਰਕਾਰ ਦੱਸਿਆ, ਇਸ ਸਰਕਾਰ ਨੇ ਪੰਜਾਬ ਦੇ ਮੁਲਾਜ਼ਮਾਂ, ਰਿਟਾਇਰਡ ਕਰਮਚਾਰੀਆਂ ਨੂੰ ਜੋ ਸਬਜ਼ਬਾਗ ਦਿਖਾਏ ਉਹ ਇਸ ਸਰਕਾਰ ਨੇ ਚਕਨਾਚੂਰ ਕਰ ਦਿੱਤੇ। ਇਸ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਦੇ ਸਾਰ ਹੀ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇਗੀ, ਹਰ ਸਾਲ ਨਵੀਆਂ ਬੱਸਾਂ ਪਾਈਆਂ ਜਾਣਗੀਆਂ (ਜਦ ਕਿ ਹੁਣ ਬੱਸਾਂ ਟਾਇਰਾਂ ਦੇ ਦੁੱਖੋਂ ਖੜੀਆਂ ਹਨ)। ਇਹਨਾਂ ਬੁਲਾਰਿਆਂ ਨੇ ਰੋਡਵੇਜ਼ ਦੇ ਮੁਲਾਜ਼ਮਾਂ ਦੀਆਂ ਮੰਗਾਂ ਦੇ ਸਮਰਥਨ ਵਿੱਚ ਮਿਤੀ 7,8 ਅਤੇ 9 ਅਪ੍ਰੈਲ ਦੀ ਹੜਤਾਲ ਦਾ ਐਲਾਨ ਕੀਤਾ ਅਤੇ ਬਾਕੀ ਜਥੇਬੰਦੀਆਂ ਨੂੰ ਸਮਰਥਨ ਦੇਣ ਦੀ ਅਪੀਲ ਕੀਤੀ, ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਛੇਵੇਂ ਪੇ-ਕਮਿਸ਼ਨ ਦੀ ਰਿਪੋਰਟ ਨੂੰ ਇੰਨ ਬਿਨ ਲਾਗੂ ਕੀਤਾ ਜਾਵੇ, 2.59 ਦੇ ਹਿਸਾਬ ਨਾਲ ਰਿਟਾਇਰਡ ਮੁਲਾਜ਼ਮਾਂ ਦੀ ਤਨਖਾਹ ਫਿਕਸ ਕੀਤੀ ਜਾਵੇ, ਬਣਦਾ ਏਰੀਅਰ ਇੱਕ ਕਿਸ਼ਤ ਵਿੱਚ ਦਿੱਤਾ ਜਾਵੇ, ਬਜਟ ਰੱਖਕੇ ਨਵੀਆਂ ਬੱਸਾਂ ਪਾਈਆਂ ਜਾਣ ਅਤੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ। ਇਹਨਾਂ ਬੁਲਾਰਿਆਂ ਨੇ ਇਹ ਵੀ ਫੈਸਲਾ ਕੀਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਰ ਚੋਣ ਹਲਕੇ ਤੋਂ ਇੱਕ ਰਿਟਾਇਰਡ ਕਰਮਚਾਰੀ ਨੂੰ ਟਿਕਟ ਦੇ ਕੇ ਚੋਣ ਵਿੱਚ ਖੜ੍ਹਾ ਕੀਤਾ ਜਾਵੇਗਾ,ਕੰਮ ਸੇ ਕੰਮ ਉਸ ਉਮੀਦਵਾਰ ਨੂੰ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਦਾ ਤਾਂ ਪਤਾ ਹੋਵੇਗਾ । ਅੱਜ ਦੀ ਮੀਟਿੰਗ ਵਿੱਚ ਸਰਵਸ਼੍ਰੀ ਸੁਰਿੰਦਰ ਸਿੰਘ ਬਰਿਆਣਾ ਐਨ ਆਰ ਆਈ , ਕੁਲਭੂਸ਼ਨ ਪ੍ਰਕਾਸ਼ ਸਿੰਘ ਸੈਣੀ ਐਨ ਆਰ ਆਈ ਸੀਨੀਅਰ ਮੀਤ ਪ੍ਰਧਾਨ, ਗਿਆਨ ਸਿੰਘ ਜਨਰਲ ਸਕੱਤਰ , ਮੱਖਣ ਸਿੰਘ ਐਨ ਆਰ ਆਈ,ਕਮਲਜੀਤ ਮਿਨਹਾਸ ਕੈਸ਼ੀਅਰ, ਹਰਜਿੰਦਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ,ਕਰਨੈਲ ਸਿੰਘ ਅਜੜਾਮ, ਜਗਜੀਤ ਸਿੰਘ ਡੀਸੀ, ਮੁਖਤਿਆਰ ਸਿੰਘ,ਹਰਨਾਮ ਦਾਸ,ਬਲਬੀਰ ਸਿੰਘ, ਜੋਗ ਰਾਜ, ਗੁਰੂਦੱਤ, ਜਰਨੈਲ ਸਿੰਘ, ਪਾਖਰ ਦਾਸ,ਖੁਸ਼ਵੰਤ ਸਿੰਘ,ਮਨਮੋਹਣ ਸਿੰਘ ਵਾਲੀਆ,ਜੋਧ ਸਿੰਘ, ਪ੍ਰੇਮ ਸਿੰਘ ਰਣਜੀਤ ਸਿੰਘ ਭੂੰਡੀ,ਗੋਪਾਲ ਕ੍ਰਿਸ਼ਨ, ਜਗਦੀਸ਼ ਸਿੰਘ ਇੰਸਪੈਕਟਰ,ਭਗਵਾਨ ਦਾਸ, ਅਮਰੀਕ ਸਿੰਘ, ਮਹਿੰਦਰ ਕੁਮਾਰ, ਬਾਲ ਕਿਸ਼ਨ,ਕਰਤਾਰ ਸਿੰਘ ਇੰਸਪੈਕਟਰ,ਗੁਰਦੇਵ ਸਿੰਘ,ਹਰਮੇਸ਼ ਲਾਲ, ਸੋਹਨ ਲਾਲ, ਸ਼ਿਵ ਲਾਲ, ਹਰਦਿਆਲ ਸਿੰਘ ਬਾੜੀਆਂ, ਸੁਰਜੀਤ ਸਿੰਘ ਸੈਣੀ,ਮੰਗਲ ਸਿੰਘ ਐਨ ਆਰ ਆਈ, ਕਸ਼ਮੀਰ ਸਿੰਘ ਹਰਗੜ੍ਹੀ ਅਤੇ ਗੁਰਬਖਸ਼ ਸਿੰਘ ਮਨਕੋਟੀਆ ਸਟੇਜ ਸਕੱਤਰ ਵੀ ਹਾਜ਼ਰ ਸਨ ।ਪ੍ਰਧਾਨ ਕੁਲਦੀਪ ਸਿੰਘ ਅਜੜਾਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਗਲੀ ਮੀਟਿੰਗ ਮਿਤੀ 5 ਮਈ, 2025 ਦਿਨ ਸੋਮਵਾਰ ਨੂੰ ਬੱਸ ਸਟੈਂਡ ਵਿਖੇ ਹੋਵੇਗੀ

# ਸਾਬਕਾ ਬਸਪਾ ਆਗੂ ਸੁੰਮਨ ਨਾਲ ਰਾਣਾ ਕੇ ਪੀ ਸਿੰਘ ਸਾਬਕਾ ਸਪੀਕਰ ਅਤੇ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਕੀਤਾ ਦੁੱਖ ਸਾਂਝਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪ੍ਰੈਲ INTERNATIONAL PAPER, 9463601616 hardipchumber57@gmail.com

ਰੋਪੜ (ਚਰਨਜੀਤ ਸੱਲ੍ਹਾ )ਬਹੁਜਨ ਸਮਾਜ ਪਾਰਟੀ ਦੇ ਸਾਬਕਾ ਇੰਚਾਰਜ ਅਤੇ ਜਨਰਲ ਸਕੱਤਰ ਪੰਜਾਬ ਨਿਰਮਲ ਸਿੰਘ ਸੁੰਮਨ ਦੇ ਮਾਤਾ ਸ੍ਰੀ ਮਤੀ ਸੁਰਜੀਤ ਕੌਰ ਜੀ ਜੋ ਕਿ ਪਿੱਛਲੇ ਦਿਨੀ ਅਚਾਨਕ ਅਕਾਲ ਚਲਾਣਾ ਕਰ ਗਏ ਸਨ ਦਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ੍ਰੀ ਸੁਮਨ ਦੀ ਰਹਾਇਸ਼ ਅਨੰਦਪੁਰ ਸਾਹਿਬ ਤੇ ਸ੍ਰੀ



ਰਾਣਾ ਕੇ ਪੀ ਸਿੰਘ ਸਾਬਕਾ ਸਪੀਕਰ ਅਤੇ ਮੰਤਰੀ ਪੰਜਾਬ ਸਰਕਾਰ ਉਹਨ੍ਹਾਂ ਦੇ ਸਪੁੱਤਰ ਰਾਣਾ ਵਿਸ਼ਵ ਪਾਲ ਅਤੇ ਹੋਰ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਦੁੱਖ ਸਾਂਝਾ ਕੀਤਾ ਇਸ ਤੇ ਇਲਾਵਾ ਰਮੇਸ਼ ਚੰਦਰ ਦਸਗਰਾਈਂ,ਹਰਬੰਸ ਲਾਲ ਸਰਪੰਚ ਮਹਿੰਦਲੀ, ਕਮਲਦੀਪ ਕੌਰ XMC, ਪ੍ਰੇਮ ਸਿੰਘ ਬਾਸੋਵਾਲ, ਹਿਮਾਂਸ਼ੂ ਟੰਡਾਨ, ਮਹੇਸ਼ ਕਾਂਤ ਸ਼ਰਮਾ, ਗੁਰਦੇਵ ਸਿੰਘ ਡੱਬਰੀ ਮਾਸਟਰ ਰਤਨ ਚੰਦ ਮਜਾਰਾ, ਪ੍ਰੇਮ ਸਿੰਘ ਸਿੱਧੂ, ਪਰਵੇਸ਼ ਮਹਿਤਾ, ਅਰਨਦੀਪ ਸੈਨ੍ਹੀ, ਜਗਦੀਸ਼ ਰਾਮ ਜੇਤੇਵਾਲ, ਕਰਮਚੰਦ ਮਜਾਰਾ, ਕਮਲਜੀਤ MC, ਅਮਨਪੁਰੀ, ਗੁਰਿੰਦਰ ਵਾਲੀਆ, ਕਾਬਲ ਰਾਣਾ, ਧਰਮਿੰਦਰ, ਰਾਜ ਕੁਮਾਰ ਨਰਿੰਦਰ ਕੁਮਾਰ ਦਸਗਰਾਈ ਅਤੇ ਹੋਰ ਵੱਡੀ ਗਿਣਤੀ ਵਿੱਚ ਪਤਵੰਤਿਆਂ ਨੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ

# ਅੱਠਵੀਂ ਜਮਾਤ ਦੇ ਸ਼ਾਨਦਾਰ ਨਤੀਜਿਆਂ ਲਈ ਵਿਦਿਆਰਥੀਆਂ ਨੂੰ ਡੀਈਓ ਅਤੇ ਡਿਪਟੀ ਡੀਈਓ ਪਟਿਆਲਾ ਨੇ ਦਿੱਤੀਆਂ ਵਧਾਈਆਂ

## -ਜ਼ਿਲ੍ਹਾ ਪਟਿਆਲਾ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਮੈਰਿਟ ਸੂਚੀ 'ਚ ਦਰਜ ਕਰਵਾਇਆ ਨਾਮ, -ਪੰਜਾਬ ਸਿੱਖਿਆ ਕ੍ਰਾਂਤੀ ਨੂੰ ਮਿਲ ਰਿਹਾ ਹੈ ਹੁਲਾਰਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪ੍ਰੈਲ INTERNATIONAL PAPER, 9463601616 hardipchumber57@gmail.com



ਪਟਿਆਲਾ, 6 ਅਪ੍ਰੈਲ :2025(ਬੇਅੰਤ ਸਿੰਘ ਰੇਹਟੀ ਖਾਸ) ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦੇ ਜਾਰੀ ਸਾਲਾਨਾ ਨਤੀਜਿਆਂ ਵਿੱਚ ਜ਼ਿਲ੍ਹਾ ਪਟਿਆਲਾ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਮੈਰਿਟ ਸੂਚੀ 'ਚ ਆਪਣਾ ਨਾਮ ਦਰਜ ਕਰਵਾਇਆ ਹੈ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਨੇ ਸਫਲ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਸਕੂਲ ਮੁਖੀਆਂ, ਅਧਿਆਪਕਾਂ ਅਤੇ ਮਾਪਿਆਂ ਦੀ ਭੂਮਿਕਾ ਦੀ ਵੀ ਸਰਾਹਨਾ ਕੀਤੀ, ਜਿਨ੍ਹਾਂ ਦੀ ਮਿਹਨਤ ਅਤੇ ਸਮਰਪਣ ਕਾਰਨ ਇਹ ਨਤੀਜੇ ਸੰਭਵ ਹੋ ਸਕੇ।

ਡੀਈਓ ਸੰਜੀਵ ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਿੱਖਿਆ ਖੇਤਰ ਵਿੱਚ ਆ ਰਹੀ ਬਦਲਾਅ ਦੀ ਲਹਿਰ ਸਰਕਾਰੀ ਸਕੂਲਾਂ ਦੇ ਵਿੱਦਿਅਕ ਪ੍ਰਦਰਸ਼ਨ ਵਿੱਚ ਵਾਧਾ ਕਰ ਰਹੀ ਹੈ।

ਡਾ: ਰਵਿੰਦਰਪਾਲ ਸ਼ਰਮਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਨੇ ਕਿਹਾ ਕਿ ਮੈਰਿਟ ਸੂਚੀ ਵਿੱਚ ਪਟਿਆਲਾ ਦੇ ਸਰਕਾਰੀ ਸਕੂਲਾਂ ਦੇ 12 ਵਿਦਿਆਰਥੀਆਂ ਨੇ ਆਪਣਾ ਨਾਮ ਦਰਜ ਕਰਵਾਇਆ ਹੈ, ਜਿਸ ਨਾਲ ਸਿਰਫ਼ ਉਨ੍ਹਾਂ ਦੇ ਸਕੂਲਾਂ ਦਾ ਹੀ ਨਹੀਂ, ਸਗੋਂ ਪੂਰੇ ਜ਼ਿਲ੍ਹੇ ਦਾ ਮਾਣ ਵੀ ਵਧਿਆ ਹੈ। ਇਹਨਾਂ ਵਿਦਿਆਰਥਣਾਂ ਵਿੱਚ ਨੈਨਸੀ ਸਕੰਸਸਸ ਰਾਜਪੁਰਾ ਟਾਊਨ, ਜੈਸਮੀਨ ਸਹਸ ਨੈਣ ਕਲਾਂ, ਆਸ਼ੂਦੀਪ ਕੌਰ ਸਸਸਸ ਧੰਗੇੜਾ, ਅਮਰਜੋਤ ਕੌਰ ਸਕੰਸਸਸ ਰਾਜਪੁਰਾ ਟਾਊਨ, ਸ਼ਰਨਪ੍ਰੀਤ ਕੌਰ ਸਹਸ ਰਾਮਗੜ੍ਹ, ਪਰਮਿੰਦਰ ਕੌਰ ਸਹਸ ਖੇੜਾ ਗੱਜੂ, ਜਸਪ੍ਰੀਤ ਕੌਰ ਸਸਸਸ ਕੁਲਾਰਾਂ, ਨਿਬੜਿਆ ਧੀਮਾਨ ਸਸਸਸ ਨਮਾਦਾਂ, ਪ੍ਰਾਚੀ ਸਮਾਸਸਸ ਮਾਡਲ ਟਾਊਨ ਪਟਿਆਲਾ, ਸਾਕਸ਼ੀ ਸਕੰਸਸਸ ਸਮਾਣਾ, ਸਿਰਜਣ ਕੁਮਾਰੀ ਸਹਸ ਖੇੜੀ ਫੱਤਾਂ ਅਤੇ ਨੈਨਸੀ ਸਹਸ ਮੜ੍ਹਾਲ ਕਲਾਂ ਸ਼ਾਮਲ ਹਨ।

ਇਸ ਮੌਕੇ ਸ਼ਾਲੂ ਮਹਿਰਾ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਪਟਿਆਲਾ, ਮਨਵਿੰਦਰ ਕੌਰ ਭੁੱਲਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਪਟਿਆਲਾ ਅਤੇ ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਦੇ ਸਮੂਹ ਅਧਿਕਾਰੀਆਂ ਵੱਲੋਂ ਸਾਰੇ ਸਫਲ ਵਿਦਿਆਰਥੀਆਂ ਲਈ ਹੋਰ ਉੱਚਾਈਆਂ ਛੂਹਣ ਦੀ ਕਾਮਨਾ ਕੀਤੀ ਗਈ।

# ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ (ਫਾਈਨਲ) ਦਾ ਸ਼ਾਨਦਾਰ 100% ਨਤੀਜਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪ੍ਰੈਲ INTERNATIONAL PAPER, 9463601616 hardipchumber57@gmail.com

ਬੰਗਾ : 06 ਅਪਰੈਲ (ਚਰਨਜੀਤ ਸੱਲ੍ਹਾ) ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਦਾ ਸ਼ਾਨਦਾਰ 100% ਨਤੀਜਾ ਆਇਆ ਹੈ । ਇਹ ਜਾਣਕਾਰੀ ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦਿੰਦੇ ਦੱਸਿਆ ਕਿ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ (ਫਾਈਨਲ) ਦਾ ਸ਼ਾਨਦਾਰ 100 ਫੀਸਦੀ



ਫੋਟੋ ਕੈਪਸ਼ਨ : ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. (ਫਾਈਨਲ) ਨਰਸਿੰਗ ਵਿਚ ਪਹਿਲੇ ਦੂਜੇ ਅਤੇ ਤੀਜੇ ਸਥਾਨ 'ਤੇ ਆਏ ਵਿਦਿਆਰਥੀ

ਆਇਆ ਹੈ ਅਤੇ ਕਲਾਸ ਤੇ ਸਾਰੇ ਵਿਦਿਆਰਥੀ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ ਹਨ। ਬੀ.ਐਸ.ਸੀ. ਨਰਸਿੰਗ (ਫਾਈਨਲ) ਕਲਾਸ ਵਿਚੋਂ ਪਹਿਲਾ ਸਥਾਨ ਹਰਲੀਨ ਕੌਰ ਪੁੱਤਰੀ ਨੰਛਤਰ ਸਿੰਘ-ਸੁਰਜੀਤ ਕੌਰ ਜ਼ਿਲ੍ਹਾ ਜਲੰਧਰ ਨੇ ਹਾਸਲ ਕੀਤਾ ਹੈ । ਕਲਾਸ ਵਿਚ ਦੂਜਾ ਸਥਾਨ ਤਮੰਨਾ ਬੰਗੜ ਪੁੱਤਰੀ ਹੁਸਨ ਲਾਲ-ਸੁਰਜੀਤ ਕੌਰ ਬਹਿਰਾਮ ਨੇ ਅਤੇ ਤੀਜਾ ਸਥਾਨ ਸੁਖਮਨਜੀਤ ਕੌਰ ਪੁੱਤਰੀ ਗੁਰਪ੍ਰੀਤ ਸਿੰਘ-ਜਗਦੀਸ਼ ਕੌਰ ਸੋਇਤਾ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਦੇ ਹਾਸਲ ਕੀਤਾ ਹੈ। ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟੀਆਂ ਵੱਲੋਂ ਬੀ ਐੱਸ ਸੀ ਨਰਸਿੰਗ (ਫਾਈਨਲ) ਦੇ ਸ਼ਾਨਦਾਰ ਨਤੀਜੇ ਲਈ ਸਮੂਹ ਨਰਸਿੰਗ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ ਅਤੇ ਵਿਦਿਆਰਥੀਆਂ ਦੇ ਸੁਨਿਹਰੀ ਭਵਿੱਖ ਦੀ ਕਾਮਨਾ ਕੀਤੀ ।

ਇਸ ਮੌਕੇ ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ, ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ, ਮੈਡਮ ਰਾਬੀਆ ਹਾਟਾ, ਮੈਡਮ ਮਨਪ੍ਰੀਤ ਕੌਰ, ਮੈਡਮ ਸੁਖਮਿੰਦਰ ਕੌਰ, ਮੈਡਮ ਕਿਰਨ ਬੇਦੀ, ਮੈਡਮ ਨਵਜੋਤ ਕੌਰ, ਮੈਡਮ ਹਰਦੀਪ ਕੌਰ ਤੇ ਵਿਦਿਆਰਥੀ ਹਾਜ਼ਰ ਸਨ ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਹੋਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪ੍ਰੈਲ INTERNATIONAL PAPER, 9463601616 hardipchumber57@gmail.com

ਬੰਗਾ( ਚਰਨਜੀਤ ਸੱਲ੍ਹਾ )ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ ਨੰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾ ਜਤਿੰਦਰ ਸਹਿਗਲ ਦੀ ਪ੍ਰਧਾਨਗੀ ਹੇਠ ਬਹਿਰਾਮ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਹ ਮੀਟਿੰਗ ਖਾਲਸਾ ਪੰਥ ਦੀ ਸਥਾਪਨਾ ਦਿਵਸ ਅਤੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ



ਸਮਰਪਿਤ ਕੀਤੀ ਗਈ । ਇਸ ਮੌਕੇ ਉਨ੍ਹਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਜੀ ਦੇ ਸਿਧਾਂਤ ਪੜ੍ਹੇ ਜੁੜੋ ਤੇ ਸੰਘਰਸ਼ ਕਰੋ ਦੇ ਸਿਧਾਂਤ ਤੇ ਪਹਿਰਾ ਦੇਣਾ ਚਾਹੀਦਾ ਹੈ। ਇਸ ਮੌਕੇ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਜ਼ਿਲ੍ਹਾ ਪ੍ਰਧਾਨ ਡਾ ਬਲਕਾਰ ਕਟਾਰੀਆ ਨੇ ਕਿਹਾ ਕਿ ਵਿਦੇਸ਼ ਵਿਚ ਰਹਿੰਦੇ ਬੰਦੇ ਦਾ ਬਾਬਾ ਸਾਹਿਬ ਬਾਰੇ ਦਿੱਤਾ ਗਿਆ ਬਿਆਨ ਬੇਹੱਦ ਨਿੰਦਣਯੋਗ ਹੈ ਅਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ ਨੰ 295 ਇਸ ਦੀ ਜ਼ੋਰਦਾਰ ਨਿਖੇਧੀ ਕਰਦੀ ਹੈ। ਇਸ ਮੌਕੇ ਡਾ ਜਗਦੀਸ਼,ਡਾ ਸਤਨਾਮ ਜੌਹਲ,ਡਾ ਅਸ਼ੋਕ ਕੁਮਾਰ ਨੇ ਇਸ ਬਿਆਨ ਵਿੱਚ ਕਿਹਾ ਕਿ ਫਿਲੌਰ ਦੇ ਪਿੰਡ ਨੰਗਲ ਵਿਚ ਬਾਬਾ ਸਾਹਿਬ ਦੇ ਸਟੈਚੂ ਦੀ ਜੋ ਬੇਅਦਬੀ ਕੀਤੀ ਗਈ ਹੈ ਉਸਦੇ ਦਰੋਹੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਇਸ ਮੌਕੇ ਡਾ ਅਸ਼ੋਕ, ਡਾ ਜਗਦੀਸ਼ ਬੰਗੜ,ਡਾ ਸਤਵਿੰਦਰ ਜੀਤ,ਡਾ ਊਸ਼ਾ ਦੇਵੀ,ਡਾ ਸਤਨਾਮ ਜੌਹਲ ,ਡਾ ਸੁਖਵਿੰਦਰ ਮੰਢਾਲੀ,ਡਾ ਹੁਸਨ ਲਾਲ,ਡਾ ਗੁਲਜ਼ਾਰ,ਡਾ ਰਛਪਾਲ ਗੁ ਲਾ ਬ ਗ ੜ੍ਹੀ ਆ , ਡਾ ਬਲਕਾਰ,ਡਾ ਰਛਪਾਲ ਭੱਟੀ,ਡਾ ਸਨੀ ,ਡਾ ਰਵੀ ,ਡਾ ਸੁਰਿੰਦਰ ਪਾਲ, ਡਾ ਗੁਲਸ਼ਨ ਕੁਮਾਰ,ਡਾ ਕੁਲਦੀਪ ਕੁਮਾਰ,ਡਾ ਸੋਮ ਲਾਲ,ਡਾ ਵਿਜੇ ਮੇਹਲੀ,ਡਾ ਚੇਤ ਰਾਮ ,ਡਾ ਜਤਿੰਦਰ ਕੁਮਾਰ, ਡਾ ਵਿੱਕੀ ਕੁਮਾਰ,ਡਾ ਪਰਮਜੀਤ, ਡਾ ਰਾਜਿੰਦਰ ਸੌਂਧੀ ,ਡਾ ਵਿਜੈ ਕੁਮਾਰ ਆਦਿ ਡਾਕਟਰ ਸ਼ਾਮਿਲ ਹੋਏ।

# ਵਰਲਡ ਕਬੱਡੀ ਕੱਪ 2025 ਦੀਆਂ ਗੋਲਡ ਮੈਡਲ ਜੇਤੂ ਕਬੱਡੀ ਖਿਡਾਰਨਾਂ

## ਜਸ਼ਨਦੀਪ ਕੌਰ ਅਤੇ ਮਨੀਸ਼ਾ ਦਾ ਢਾਹਾਂ ਕਲੇਰਾਂ ਵਿਖੇ ਸ਼ਾਨਦਾਰ ਸਵਾਗਤ ਅਤੇ ਸਨਮਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪ੍ਰੈਲ INTERNATIONAL PAPER, 9463601616 hardipchumber57@gmail.com



ਬੰਗਾ 05 ਅਪਰੈਲ () ਚਰਨਜੀਤ ਸੱਲ੍ਹਾ- ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ਦੀਆਂ ਵਰਲਡ ਕਬੱਡੀ ਕੱਪ 2025 ਦੀਆਂ ਗੋਲਡ ਮੈਡਲ ਵਿਜੇਤਾ ਖਿਡਾਰਨਾਂ ਜਸ਼ਨਦੀਪ ਕੌਰ ਅਤੇ ਮਨੀਸ਼ਾ ਦੀ ਜੇਤੂ ਗੋਲਡ ਮੈਡਲ ਯਾਤਰਾ ਦੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਕੰਪਲੈਕਸ ਪੁੱਜਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਪ੍ਰੋ ਹਰਬੰਸ ਸਿੰਘ ਡਾਇਰੈਕਟਰ ਸਿੱਖਿਆ ਨੇ ਟਰੱਸਟ ਦੇ ਪ੍ਰਧਾਨ ਸ ਕੁਲਵਿੰਦਰ ਸਿੰਘ ਢਾਹਾਂ ਵੱਲੋਂ ਗੋਲਡ ਮੈਡਲ ਜੇਤੂ ਖਿਡਾਰੀਆਂ, ਕਾਲਜ ਪ੍ਰਿੰਸੀਪਲ, ਸਮੂਹ ਕਬੱਡੀ ਕੋਚਾਂ ਅਤੇ ਸਟਾਫ ਦਾ ਨਿੱਘਾ ਸਵਾਗਤ ਕੀਤਾ ਅਤੇ ਸ਼ਾਨਦਾਰ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ । ਉਹਨਾਂ ਨੇ ਦੱਸਿਆ ਕਿ ਬ੍ਰਿਟਿਸ਼ ਕਬੱਡੀ ਐਸੋਸ਼ੀਏਸ਼ਨ ਬੈਸਟ ਮਿਡਲੈਂਡ ਇੰਗਲੈਂਡ ਵੱਲੋਂ ਕਰਵਾਏ ਵਰਲਡ ਕਬੱਡੀ ਕੱਪ 2025 ਵਿਚ ਭਾਈ ਸੰਗਤ ਸਿੰਘ ਖਾਲਸਾ ਕਾਲਜ ਦੀਆਂ ਕਬੱਡੀ ਖਿਡਾਰਨਾਂ ਜਸ਼ਨਦੀਪ ਕੌਰ ਅਤੇ ਮਨੀਸ਼ਾ ਨੇ ਸ਼ਾਨਦਾਰ ਕਬੱਡੀ ਖੇਡ ਦਾ ਪ੍ਰਦਰਸ਼ਨ ਕਰਕੇ ਗੋਲਡ ਜਿੱਤ ਕੇ ਆਪਣਾ, ਆਪਣੇ ਮਾਪਿਆਂ ਦਾ, ਆਪਣੇ ਕਾਲਜ ਅਤੇ ਪੰਜਾਬ ਦੀਆਂ ਧੀਆਂ ਦਾ ਨਾਮ ਉੱਚਾ ਕੀਤਾ ਹੈ । ਇਸ ਮੌਕੇ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ਦੇ ਪ੍ਰਿੰਸੀਪਲ ਡਾ ਰਣਜੀਤ ਸਿੰਘ, ਕੋਚ ਚਰਨਜੀਤ ਸਿੰਘ ਕਪੂਰਥਲਾ, ਕੋਚ ਗੁਰਜੀਤ ਕੌਰ, ਕੋਚ ਰੁਪਿੰਦਰ ਕੌਰ, ਕੋਚ ਜਸਕਰਨ ਕੌਰ ਲਾਡੀ, ਕੋਚ ਕਮਲਜੀਤ ਸਿੰਘ ਔਜਲਾ ਅਤੇ ਵਰਲਡ ਕਬੱਡੀ ਕੱਪ 2025 ਵਿਚ ਭਾਗ ਲੈਣ ਵਾਲੇ ਖਿਡਾਰੀਆਂ ਕਰਮਜੀਤ ਕੌਰ, ਬਲਰਾਜ ਸਿੰਘ, ਗੁਲਸ਼ਨ ਸਿੰਘ, ਅਰਸ਼ਦੀਪ ਸਿੰਘ ਅਤੇ ਸਿਮਰਜੀਤ ਕੌਰ ਦਾ ਸਨਮਾਨ ਕੀਤਾ ਗਿਆ । ਸ਼ਾਨਦਾਰ ਸਵਾਗਤ ਅਤੇ ਖਿਡਾਰੀਆਂ ਦੇ ਸਨਮਾਨ ਲਈ ਡਾ. ਰਣਜੀਤ ਸਿੰਘ ਪ੍ਰਿੰਸੀਪਲ ਭਾਈ ਸੰਗਤ ਸਿੰਘ ਖਾਲਸਾ ਕਾਲਜ ਨੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ, ਸਮੂਹ ਟਰੱਸਟ ਮੈਂਬਰਾਂ ਅਤੇ ਢਾਹਾਂ ਕਲੇਰਾਂ ਵਿਖੇ ਚੱਲਦੇ ਸਮੂਹ ਵਿਦਿਅਕ ਅਤੇ ਮੈਡੀਕਲ ਅਦਾਰਿਆਂ ਦਾ ਹਾਰਦਿਕ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਵਨੀਤਾ ਚੋਟ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ ਟਰੱਸਟ, ਪ੍ਰੋ: ਗੁਲਬਹਾਰ ਸਿੰਘ, ਅਮਨਦੀਪ ਸੰਧੂ, ਪ੍ਰੋ ਅਮਨਦੀਪ ਸਿੰਘ, ਰਮਨ ਕੁਮਾਰ, ਮੈਡਮ ਪਰਮਜੀਤ ਕੌਰ, ਮੈਡਮ ਜਸਪ੍ਰੀਤ ਕੌਰ, ਮੈਡਮ ਸ਼ਸ਼ੀ ਬਾਲਾ, ਮੈਡਮ ਰੁਪਿੰਦਰ ਕੌਰ, ਮੈਡਮ ਤਰੀਜ਼ਾ, ਮੈਡਮ ਪ੍ਰਭਦੀਪ ਕੌਰ, ਮੈਡਮ ਸ਼ਿਵਾਨੀ ਭਾਰਦਵਾਜ, ਮੈਡਮ ਵੰਦਨਾ ਬਸਰਾ, ਮੈਡਮ ਰੀਤੂ, ਯੂਨਸ ਵਾਲੀ, ਮੈਡਮ ਪਿਊਸ਼ੀ ਯਾਦਵ, ਰਮਨ ਕੁਮਾਰ, ਰਵੀ ਯਾਦਵ, ਵਿਕਾਸ ਕੁਮਾਰ, ਮੈਡਮ ਇੰਦੂ ਬਾਲਾ, ਮੈਡਮ ਕਮਲਜੀਤ ਕੌਰ, ਮੈਡਮ ਹਰਮੀਤ ਕੌਰ, ਮੈਡਮ ਸਰਬਜੀਤ ਕੌਰ, ਮੈਡਮ ਜਸਬੀਰ ਕੌਰ, ਅਮਨਦੀਪ ਮਾਨ, ਗੁਰਸ਼ਾਨ ਸਿੰਘ ਤੋਂ ਇਲਾਵਾ ਢਾਹਾਂ ਕਲੇਰਾਂ ਵਿਖੇ ਚੱਲਦੇ ਅਦਾਰਿਆਂ ਦੇ ਮੁੱਖੀ, ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ ।

ਫੋਟੋ ਕੈਪਸ਼ਨ : ਵਰਲਡ ਕਬੱਡੀ ਕੱਪ 2025 ਦੀਆਂ ਗੋਲਡ ਮੈਡਲ ਜੇਤੂ ਕਬੱਡੀ ਖਿਡਾਰਨਾਂ ਜਸ਼ਨਦੀਪ ਕੌਰ ਅਤੇ ਮਨੀਸ਼ਾ ਵਿਖੇ ਸਵਾਗਤ ਅਤੇ ਸਨਮਾਨ ਕਰਨ ਮੌਕੇ ਯਾਦਗਾਰੀ ਤਸਵੀਰ

# ਬੰਗਾ ਹਲਕੇ ਦੀ ਮਨੀਸ਼ਾ ਨੇ ਕੀਤਾ ਆਪਣੇ ਦੇਸ਼ ਦਾ ਨਾਂ ਰੌਸ਼ਨ

## ਕੈਬਨਿਟ ਮੰਤਰੀ ਡਾ ਸੁਖਵਿੰਦਰ ਸੁੱਖੀ ਨੇ ਨੌਕਰੀ ਦਿਵਾਉਣ ਵਿੱਚ ਕੋਸ਼ਿਸ਼ ਕਰਾਂਗਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com




ਬੰਗਾ (ਚਰਨਜੀਤ ਸੱਲ੍ਹਾ ) ਅੱਜ ਮਨੀਸ਼ਾ ਦੇ ਘਰ ਆਏ ਸਨ ਕੈਬਨਿਟ ਮੰਤਰੀ ਡਾ ਸੁਖਵਿੰਦਰ ਸੁੱਖੀ ਐਮ ਐਲ ਏ ਹਲਕਾ ਬੰਗਾ ਉਨ੍ਹਾਂ ਮਨੀਸ਼ਾ ਦੇ ਘਰ ਆਏ ਕਿ ਉਸ ਨੂੰ ਸਰੋਪਾ ਦੇ ਕੇ ਸਨਮਾਨਿਤ ਕੀਤਾ। ਮਨੀਸ਼ਾ ਇੰਗਲੈਂਡ ਤੋਂ ਕੁਝ ਦਿਨ ਪਹਿਲਾਂ ਆਈ ਸੀ ਇੰਗਲੈਂਡ ਤੋਂ ਵਰਡ ਕਬੱਡੀ ਕੱਪ ਜਿੱਤ ਕੇ ਬੰਗਾ ਦੀ ਸ਼ਾਨ ਹੀ ਨਹੀਂ ਆਪਣੇ ਜ਼ਿਲ੍ਹੇ, ਆਪਣੇ ਪੰਜਾਬ ਦੀ, ਆਪਣੇ ਦੇਸ਼ ਭਾਰਤ ਦੀ ਚਮਕਦਾ ਹੋਇਆ ਸਿਤਾਰਾਂ ਬਣੀਂ। ਉਸ ਨੇ ਦੱਸਿਆ ਕਿ ਉਹ ਪਹਿਲਾਂ ਪਹਿਲਾਂ ਆਪਣੇ ਸਕੂਲ ਵਿੱਚ ਖੇਡ ਦੀ ਸੀ ਜਿਸ ਨੇ ਕਈ ਗੋਲਡ ਮੈਡਲ ਪ੍ਰਾਪਤ ਕੀਤੇ ਹਨ। ਬਾਅਦ ਵਿੱਚ ਭਾਈ ਸੰਗਤ ਸਿੰਘ ਖਾਲਸਾ ਕਾਲਜ ਤੋਂ ਡਿਗਰੀ ਪ੍ਰਾਪਤ ਕੀਤੀ ਅਤੇ ਕਬੱਡੀ ਵਿੱਚ ਮੱਲਾਂ ਮਾਰੀਆਂ। ਅੱਜ ਕੱਲ੍ਹ ਮੈਂ ਮਾਸਟਰ ਡਿਗਰੀ ਕਰ ਰਹੀ ਹਾਂ। ਮੇਰੇ ਪਰਿਵਾਰ ਨੇ ਮੇਰਾ ਬਹੁਤ ਬਹੁਤ ਸਾਥ ਦਿੱਤਾ ਤਾਂ ਕਿ ਮੈਂ ਕਬੱਡੀ ਵਿੱਚ ਕੋਈ ਵੱਡੀ ਮੱਲ ਮਾਰ ਸਕਾ।ਮੇਰਾ ਪਰਿਵਾਰ ਬਹੁਤ ਗਰੀਬ ਪਰਿਵਾਰ ਹੈ ਇਸ ਲਈ ਮੈਨੂੰ ਕੋਈ ਨੌਕਰੀ ਮਿਲਣੀ ਚਾਹੀਦੀ ਹੈ। ਅਸੀਂ ਪੰਜ ਟੀਮਾਂ ਨੂੰ ਹਰਾਕੇ ਫਾਈਨਲ ਵਿੱਚ ਇੰਗਲੈਂਡ ਤੋਂ ਜਿੱਤ ਪ੍ਰਾਪਤ ਕੀਤੀ ਹੈ। ਡਾ ਸੁਖਵਿੰਦਰ ਸੁੱਖੀ ਐਮ ਐਲ ਏ ਹਲਕਾ ਬੰਗਾ ਕੈਬਨਿਟ ਮੰਤਰੀ ਸਾਹਿਬ ਨੇ ਵਿਸ਼ਵਾਸ ਦਿਵਾਇਆ ਕਿ ਮੈਂ ਮੁੱਖ ਮੰਤਰੀ ਭਗਵੰਤ ਮਾਨ ਜੀ ਅਤੇ ਖੇਡ ਮੰਤਰੀ ਨਾਲ ਇਹ ਗੱਲਬਾਤ ਕਰਾਂਗਾ ਅਤੇ ਇਸ ਦਾ ਹੱਕ ਇਸ ਨੂੰ ਦਵਾਂਗਾ। ਇਸ ਲੜਕੀ ਨੇ ਦੇਸ਼ ਵਿੱਚ ਆਪਣਾ ਨਾਂ, ਆਪਣੇ ਮਾਂ ਪਿਓ ਦਾ ਨਾਂ, ਆਪਣੇ ਕੋਚ ਸਾਹਿਬ ਦਾ ਨਾਮ ਅਤੇ ਸਾਡਾ ਸਿਰ ਗਰਭ ਨਾਲ ਉੱਚਾ ਹੋਇਆ ਹੈ । ਮਨੀਸ਼ਾ ਦੇ ਘਰ ਵਾਲੇ ਅਤੇ ਸੋਹਣ ਲਾਲ ਢੰਡਾ ਵੀ ਹਾਜ਼ਰ ਸਨ।

# ਪੰਜਾਬ ਸਿੱਖਿਆ ਕ੍ਰਾਂਤੀ “ਕਪੂਰਥਲਾ ਜ਼ਿਲ੍ਹੇ ਵਿੱਚ 8 ਸਕੂਲਾਂ ਦੀ ਹੋਵਗੀ ਕਾਇਆ ਕਲਪ”

## *ਸਾਇੰਸ ਲੈਬਾਂ,ਐਡੀਸ਼ਨਲ ਕਲਾਸ ਰੂਮਾਂ ਦੀ ਹੋਵੇਗੀ ਉਸਾਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com



ਫ਼ਗਵਾੜਾ 6 ਅਪ੍ਰੈਲ (ਸ਼ਿਵ ਕੌੜਾ) ਪੰਜਾਬ ਸਰਕਾਰ ਵਲੋਂ “ਪੰਜਾਬ ਸਿੱਖਿਆ ਕ੍ਰਾਂਤੀ“ ਤਹਿਤ ਜ਼ਿਲ੍ਹੇ ਦੇ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਕੱਲ੍ਹ 7 ਅਪ੍ਰੈਲ ਤੋਂ ਕਪੂਰਥਲਾ ਜ਼ਿਲ੍ਹੇ ਦੇ 8 ਸਕੂਲਾਂ ਅੰਦਰ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ “ਪੰਜਾਬ ਸਿੱਖਿਆ ਕ੍ਰਾਂਤੀ“ ਤਹਿਤ ਅਗਲੇ ਡੇਢ ਮਹੀਨੇ ਤੱਕ ਜ਼ਿਲ੍ਹੇ ਭਰ ਦੇ ਸਕੂਲਾਂ ਦੀ ਨੁਹਾਰ ਬਦਲੀ ਜਾਵੇਗੀ । ਉਨ੍ਹਾਂ ਦੱਸਿਆ ਕਿ 7 ਅਪ੍ਰੈਲ ਨੂੰ ਜਿਹੜੇ ਸਕੂਲਾਂ ਅੰਦਰ ਵਿਕਾਸ ਕਾਰਜਾਂ ਦੀ ਸ਼ੁਰੂਆਤ ਹੋਵੇਗੀ। ਉਨ੍ਹਾਂ ਵਿਚ ਸਰਕਾਰੀ ਸਕੂਲ ਬਲੇਰਖਾਨਪੁਰ ਵਿਖੇ 14.51 ਲੱਖ ਰੁਪੈ ਦੀ ਲਾਗਤ ਨਾਲ ਸਾਇੰਸ ਲੈਬ ਦੀ ਉਸਾਰੀ ਤੇ ਕਲਾਸ ਰੂਮਾਂ ਦਾ ਨਵੀਨੀਕਰਨ ਸ਼ਾਮਿਲ ਹੈ। ਇਸ ਤੋਂ ਇਲਾਵਾ ਸਰਕਾਰੀ ਸਕੂਲ ਢਪਈ ਵਿਖੇ 7.51 ਲੱਖ ਰੁਪੈ ਨਾਲ ਐਡੀਸ਼ਨਲ ਕਲਾਸ ਰੂਮ ਦੀ ਉਸਾਰੀ ਤੇ 1.66 ਲੱਖ ਰੁਪੈ ਨਾਲ ਪਖਾਨਿਆਂ ਦੀ ਉਸਾਰੀ ਹੋਵੇਗੀ ਸਕੂਲ ਆਫ ਐਮੀਨੈਂਸ ਫਗਵਾੜਾ ਵਿਖੇ 43 ਲੱਖ ਰੁਪੈ ਨਾਲ ਸਕੂਲ ਦਾ ਮੁਕੰਮਲ ਨਵੀਨੀਕਰਨ ਤੇ 8 ਲੱਖ ਰੁਪੈ ਨਾਲ ਨਵੀਂ ਚਾਰਦੀਵਾਰੀ ਕੀਤੀ ਜਾਵੇਗੀ । ਸਰਕਾਰੀ ਸਕੂਲ (ਲੜਕੀਆਂ )ਫਗਵਾੜਾ ਵਿਖੇ ਵੀ 2 ਲੱਖ ਰੁਪੈ ਨਾਲ ਚਾਰਦੀਵਾਰੀ ਹੋਵੇਗੀ ਸੁਲਤਾਨਪੁਰ ਲੋਧੀ ਦੇ ਛੰਨਾ ਸ਼ੇਰ ਸਿੰਘ ਵਿਖੇ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਵਿਖੇ 11 ਲੱਖ ਰੁਪੈ ਨਾਲ ਸਾਇੰਸ ਲੈਬ ਦੀ ਉਸਾਰੀ ਤੇ 6.26 ਲੱਖ ਨਾਲ ਐਡੀਸ਼ਨਲ ਕਲਾਸ ਰੂਮ ਦੀ ਉਸਾਰੀ ਹੋਵੇਗੀ ਇਸ ਤੋਂ ਇਲਾਵਾ 7.51 ਲੱਖ ਰੁਪੈ ਵਾਲ ਐਡੀਸ਼ਨਲ ਕਲਾਸ ਰੂਮ ਦੀ ਉਸਾਰੀ ਦੇ ਨਾਲ ਨਾਲ 4.50 ਲੱਖ ਰੁਪੈ ਨਾਲ ਚਾਰਦੀਵਾਰੀ ਹੋਵੇਗੀ ਸਰਕਾਰੀ ਸਕੂਲ ਧਾਲੀਵਾਲ ਬੇਟ ਵਿਖੇ ਨਵੀਂ ਚਾਰਦੀਵਾਰੀ ਤੇ ਸਰਕਾਰੀ ਪ੍ਰਾਇਮਰੀ ਸਕੂਲ ਇਬਰਾਹਿਮਵਾਲ ਵਿਖੇ 7.51 ਲੱਖ ਰੁਪੈ ਨਾਲ ਐਡੀਸ਼ਨਲ ਕਲਾਸ ਰੂਮ ਦੀ ਉਸਾਰੀ ਹੋਵੇਗੀ

# ਸੁਨਾਮ ਕੋਰਟ ਵਿਖੇ ਐਡਵੋਕੇਟ ਪੁਸ਼ਪਿੰਦਰ ਜਿੰਦਲ ਬਣੇ ਨੋਟਰੀ ਪਬਲਿਕ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com



ਸੁਨਾਮ ਉਧਮ ਸਿੰਘ ਵਾਲਾ, 6 ਅਪ੍ਰੈਲ (ਜਗਸੀਰ ਲੌਂਗੋਵਾਲ)- ਸੁਨਾਮ ਕੋਰਟ ਵਿੱਚ ਪ੍ਰੈਕਟਿਸ ਕਰ ਰਹੇ ਐਡਵੋਕੇਟ ਪੁਸ਼ਪਿੰਦਰ ਜਿੰਦਲ ਨੂੰ ਨੋਟਰੀ ਪਬਲਿਕ ਵਜੋਂ ਨਿਯੁਕਤੀ ਮਿਲਣ 'ਤੇ ਮਾਇਆ ਗਾਰਡਨ ਦੇ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਮਾਇਆ ਗਾਰਡਨ ਦੀ ਕੋਠੀ ਨੰਬਰ 85 ਵਿੱਚ ਰਹਿਣ ਵਾਲੇ ਐਡਵੋਕੇਟ ਪੁਸ਼ਪਿੰਦਰ ਜਿੰਦਲ ਸੁਨਾਮ ਕੋਰਟ ਕੰਪਲੈਕਸ ਦੇ ਚੈਂਬਰ ਨੰਬਰ 17 ਤੋਂ ਆਪਣੀਆਂ ਵਕੀਲ ਦੀਆਂ ਸੇਵਾਵਾਂ ਦੇ ਰਹੇ ਸਨ। ਹੁਣ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਨੋਟਰੀ ਪਬਲਿਕ ਵਜੋਂ ਨਿਯੁਕਤੀ ਮਿਲਣ ਨਾਲ ਉਨ੍ਹਾਂ ਦੇ ਵਕੀਲ ਸਾਥੀਆਂ ਵਿੱਚ ਵੀ ਖੁਸ਼ੀ ਦਾ ਮਾਹੌਲ ਹੈ ਅਤੇ ਕਾਲੋਨੀ ਦੇ ਨਿਵਾਸੀਆਂ ਵਿੱਚ ਵੀ ਇਸ ਉਪਲਬਧੀ ਉੱਤੇ ਬਹੁਤ ਖੁਸ਼ੀ ਹੈ। ਮਾਇਆ ਗਾਰਡਨ ਕੋਆਰਡੀਨੇਟਰ ਐਡਵੋਕੇਟ ਸਤਨਾਮ ਜਵੰਧਾ, ਸ੍ਰੀ ਸ਼ਿਵ ਮੰਦਰ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਦਨ ਕਾਂਸਲ,ਜੈ ਮਿਲਾਪ ਦੇ ਰਾਜ ਪ੍ਰਧਾਨ ਜਗਦੀਪ ਭਾਰਦਵਾਜ,ਐਡਵੋਕੇਟ ਗੌਰਵ ਸਿੰਗਲਾ, ਗੋਪਾਲ ਸ਼ਰਮਾ, ਪ੍ਰਭਾਤ ਜਿੰਦਲ,ਐਡਵੋਕੇਟ ਰਾਕੇਸ਼ ਜਿੰਦਲ, ਕ੍ਰਿਸ਼ਨ ਸੰਦੋਹਾ, ਅੰਕਿਤ ਕਾਂਸਲ,ਦੀਪਕ ਕੁਮਾਰ, ਮਹੇਸ਼ ਕੁਮਾਰ ਬੱਬ, ਡਾਕਟਰ ਰਾਕੇਸ਼ ਜਿੰਦਲ ਨੇ ਉਨ੍ਹਾਂ ਨੂੰ ਇਹ ਪ੍ਰਾਪਤੀ ਹੋਣ 'ਤੇ ਵਧਾਈ ਦਿੱਤੀ ।

# 2 ਸਾਲ ਬਾਅਦ ਮੁੜ ਕੀਤੀ ਕਲੱਬ ਮਨੇਜਮੈਂਟ ਕਮੇਟੀ ਦੀ ਚੋਣ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com



05 ਅਪ੍ਰੈਲ (ਗਗਨਦੀਪ ਸਿੰਘ) ਫੂਲ ਟਾਊਨ: ਬੀਤੇ ਦਿਨੀਂ ਮਾਨਵ ਸਹਾਰਾ ਕਲੱਬ ਰਜਿ ਫੂਲ ਟਾਊਨ (ਬਠਿੰਡਾ) ਦੀ ਮਹੀਨਾਵਾਰੀ ਮੀਟਿੰਗ ਵਿੱਚ ਪਿਛਲੇ ਦੋ ਸਾਲਾਂ ਤੋਂ ਕੰਮ ਕਰ ਰਹੀ ਮਨੇਜਮੈਂਟ ਕਮੇਟੀ ਬਾਰੇ ਵਿਚਾਰਾਂ ਕਰਦਿਆਂ ਨਵੀਂ ਕਮੇਟੀ ਸਥਾਪਿਤ ਕੀਤੀ ਗਈ। ਜਿਸ ਵਿੱਚ ਸ. ਪਲਵਿੰਦਰ ਸਿੰਘ ਮੱਖਣ ਜੀ ਦੇ ਸਿਰ ਮੁੜ ਪ੍ਰਧਾਨਗੀ ਦਾ ਤਾਜ ਸਜਿਆ। ਜਨਰਲ ਸੈਕਟਰੀ), ਸ. ਇੰਦਰਜੀਤ ਸਿੰਘ (ਖਜਾਨਚੀ), ਸ਼੍ਰੀ ਦਰਸ਼ਨ ਸ਼ਰਮਾਂ (ਸਹਾਇਕ ਖਜਾਨਚੀ) ਸ. ਬਲਜਿੰਦਰ ਸਿੰਘ ਗੋਲਾ (ਸਹਾਇਕ ਪ੍ਰੈੱਸ ਸਕੱਤਰ) ਅਤੇ ਸ. ਹਰਪਿੰਦਰ ਸਿੰਘ ਬੱਬੂ ਜੀ ਨੂੰ ਦਫਤਰ ਮੈਨੇਜਰ ਦਾ ਅਹੁਦਾ ਸੰਭਾਇਆ ਗਿਆ। ਮੀਟਿੰਗ ਦੌਰਾਨ ਸਾਰੇ ਹੀ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਹਾਜਰ ਰਹੇ ਅਤੇ ਆਉਣ ਵਾਲੇ ਸਮੇਂ ਵਿੱਚ ਕਲੱਬ ਨੂੰ ਹੋਰ ਸੁਚੱਜੇ ਢੰਗ ਨਾਲ ਚਲਾਉਣ ਲਈ ਸਭ ਨੇ ਆਪਣੇ ਆਪਣੇ ਬਹੁਮੁੱਲੇ ਵਿਚਾਰ ਪੇਸ਼ ਕੀਤੇ ਅਤੇ ਪਿਛਲੇ ਸਮੇਂ ਦੌਰਾਨ ਰਹੀਆਂ ਕਮੀਆਂ ਉੱਤੇ ਵਿਚਾਰਾਂ ਕੀਤੀਆਂ ਗਈਆਂ।

# ਸੰਗਰੂਰ, ਖੁਸ਼ਪ੍ਰੀਤ ਕੌਰ ਸ. ਹ. ਸ ਖੜਿਆਲ ਨੇ ਅੱਠਵੀਂ ਜਮਾਤ ਵਿਚੋਂ 600 ‘ਚੋਂ 598 ਅੰਕ ਪ੍ਰਾਪਤ ਕਰਕੇ ਪੰਜਾਬ ਭਰ ‘ਚ ਤੀਜਾ ਸਥਾਨ ਕੀਤਾ ਹਾਸਲ

- ਜ਼ਿਲ੍ਹਾ ਸੰਗਰੂਰ ਦੇ 8 ਵਿਦਿਆਰਥੀ ਅੱਠਵੀਂ ਦੀ ਬੋਰਡ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਏ
- ਬੱਚਿਆਂ, ਅਧਿਆਪਕਾਂ ਅਤੇ ਮਾਪਿਆਂ ਦੀ ਮਿਹਨਤ ਤੋਂ ਦਕਾ ਸੰਭਵ ਹੋਇਆ: ਤਰਵਿੰਦਰ ਕੌਰ ਡੀਈਓ ਸੈਕੰਡਰੀ
- ਪੰਜਾਬ ਸਰਕਾਰ ਵੱਲੋਂ ਸਕੂਲਾਂ ਵਿੱਚ ਪੜ੍ਹਾਉਣ ਲਈ ਉਪਲੱਬਧ ਕਰਵਾਈਆਂ ਗਈਆਂ ਆਧੁਨਿਕ ਤਕਨੀਕਾਂ : ਡੀਈਓ ਸੈਕੰਡਰੀ
- ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਮੁਬਾਰਕਬਾਦ ਦਿੱਤੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com




ਦਲਜੀਤ ਕੌਰ

ਸੰਗਰੂਰ, 6 ਅਪ੍ਰੈਲ, 2025: ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ ਵਿੱਚ ਪੜ੍ਹਦੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਇਸ ਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ । ਜ਼ਿਲ੍ਹੇ ਦੇ 8 ਬੱਚਿਆਂ ਨੇ ਮੈਰਿਟ ਵਿੱਚ ਸਥਾਨ ਹਾਸਿਲ ਕੀਤਾ ਹੈ ਅਤੇ ਜ਼ਿਲ੍ਹਾ ਸੰਗਰੂਰ ਦਾ ਨਤੀਜਾ ਵੀ 95.80 ਫ਼ੀਸਦੀ ਰਿਹਾ। ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਭੇਟ ਕੀਤੀ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਮੈਡਮ ਤਰਵਿੰਦਰ ਕੌਰ ਨੇ ਦੱਸਿਆ ਕਿ ਇਸ ਵਾਰ ਅੱਠਵੀਂ ਬੋਰਡ ਦੀ ਪ੍ਰੀਖਿਆ ਵਿੱਚ ਜ਼ਿਲ੍ਹਾ ਸੰਗਰੂਰ ਦੇ ਕੁਲ 11378 ਬੱਚੇ ਬੈਠੇ ਸਨ ਜਿਨ੍ਹਾਂ ਵਿੱਚੋਂ ਕੁੱਲ 10900 ਬੱਚਿਆਂ ਨੇ ਪ੍ਰੀਖਿਆ ਪਾਸ ਕੀਤੀ ਹੈ ਇਸ ਤਰ੍ਹਾਂ ਜ਼ਿਲ੍ਹੇ ਦੀ ਪਾਸ ਪ੍ਰਤਿਸ਼ਤਤਾ 95.80 ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬੱਚਿਆਂ ਦੇ ਅਧਿਆਪਕਾਂ ਅਤੇ ਮਾਪਿਆਂ ਦੀ ਮਿਹਨਤ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸਕੂਲਾਂ ਵਿੱਚ ਪੜ੍ਹਾਉਣ ਲਈ ਉਪਲੱਬਧ ਕਰਵਾਈਆਂ ਗਈਆਂ ਆਧੁਨਿਕ ਤਕਨੀਕਾਂ ਸਦਕਾ ਸੰਭਵ ਹੋ ਸਕਿਆ ਹੈ। ਉਨ੍ਹਾਂ ਦੱਸਿਆ ਕਿ ਖੁਸ਼ਪ੍ਰੀਤ ਕੌਰ ਸ. ਹ. ਸ ਖੜਿਆਲ ਨੇ ਅੱਠਵੀਂ ਜਮਾਤ ਵਿੱਚੋਂ 600 'ਚੋਂ 598 ਅੰਕ ਪ੍ਰਾਪਤ ਕਰਕੇ ਪੰਜਾਬ ਭਰ 'ਚ ਤੀਜਾ ਸਥਾਨ ਕੀਤਾ ਹਾਸਲ ਕੀਤਾ ਹੈ। ਇਨ੍ਹਾਂ ਮੈਰਿਟ ਵਿੱਚ ਆਏ ਵਿਦਿਆਰਥੀਆਂ ਵਿੱਚ ਖੁਸ਼ਪ੍ਰੀਤ ਕੌਰ ਸ.ਹ.ਸ ਖੜਿਆਲ ਨੇ 600 ਵਿੱਚੋਂ 598, ਸੁਨਿਧੀ ਸ. ਕੰਨਿਆ ਸ.ਸ.ਸ ਸੁਨਾਮ ਨੇ 592, ਯੁਵਰਾਜ ਸਿੰਘ ਸ.ਮਿ.ਸ ਰੱਤੋਕੇ ਨੇ 591, ਮਹਿੰਦਰ ਕੌਰ ਸ.ਹ.ਸ ਨੰਗਲਾਂ ਨੇ 590, ਏਕਮਜੋਤ ਕੌਰ ਸ.ਹ.ਸ ਢੱਡਿਆਲ ਨੇ 589, ਕਿਰਪਾ ਕੌਰ ਸਕੂਲ ਆਫ ਐਮੀਨੈਂਸ ਘਨੌਰੀ ਕਲਾਂ ਨੇ 589, ਨਿਸ਼ੂ ਮਾਡਲ ਸ.ਸ.ਸ. ਮੰਡਵੀ ਨੇ 589, ਗੁਰਜੀਤ ਕੌਰ ਸ.ਸ.ਸ.ਸ ਉਪਲੀ ਚੱਠੇ ਨੇ 588 ਨੰਬਰ ਪ੍ਰਾਪਤ ਕਰਕੇ ਮੈਰਿਟ ਵਿੱਚ ਥਾਂ ਬਣਾਈ ਹੈ।ਉਨ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਮੁਬਾਰਕਬਾਦ ਦਿੱਤੀ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਇਸ ਮੌਕੇ ਮਨਜੀਤ ਕੌਰ ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸਕੂਲਾਂ ਦੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਸਿਰਫ ਬੋਰਡ ਦੀ ਪ੍ਰੀਖਿਆ ਵਿੱਚ ਹੀ ਨਹੀਂ ਸਗੋਂ ਨੈਸ਼ਨਲ ਮੀਨਸ-ਕਮ-ਮੈਰਿਟ ਸਕਾਲਰਸ਼ਿਪ ਵਿੱਚ ਵੀ ਵੱਡੀ ਮੱਲ ਮਾਰੀ ਹੈ। ਜ਼ਿਲ੍ਹਾ ਸੰਗਰੂਰ ਦੇ 106 ਵਿਦਿਆਰਥੀਆਂ ਨੇ ਵਜ਼ੀਫ਼ਾ ਪ੍ਰੀਖਿਆ ਪਾਸ ਕੀਤੀ ਹੈ।

ਪ੍ਰਵੀਨ ਕੁਮਾਰ ਜ਼ਿਲ੍ਹਾ ਕੋਆਰਡੀਨੇਟਰ ਨੇ ਦੱਸਿਆ ਕਿ ਕੇਂਦਰ ਵੱਲੋਂ ਚਲਾਈ ਜਾ ਰਹੀ ਇਸ ਵਜ਼ੀਫ਼ਾ ਮੁਹਿੰਮ ਦਾ ਉਦੇਸ਼ ਬੱਚਿਆਂ ਨੂੰ ਉਚੇਰੀ ਪੜ੍ਹਾਈ ਲਈ ਉਤਸ਼ਾਹਿਤ ਕਰਨਾ ਹੈ ਇਸ ਤਹਿਤ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਨੌਵੀਂ ਅਤੇ ਦਸਵੀਂ ਵਿੱਚ 12-12 ਹਜ਼ਾਰ ਰੁਪਏ ਵਜ਼ੀਫਾ ਮਿਲਦਾ ਹੈ ।

# ਅੰਮ੍ਰਿਤਸਰ ਦਿਹਾਤੀ ਪੁਲੀਸ ਵੱਲੋਂ ਜਾਅਲੀ ਕਰੰਸੀ ਤੇ ਹਥਿਆਰਾਂ ਸਮੇਤ ਇਕ ਕਾਬੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਪੁਲੀਸ ਨੇ ਇਕ ਵਿਅਕਤੀ ਨੂੰ 2.15 ਲੱਖ ਰੁਪਏ ਦੀ ਜਾਅਲੀ ਕਰੰਸੀ, ਹਥਿਆਰਾਂ ਤੇ ਗੋਲੀਸਿੱਕੇ ਸਮੇਤ ਗ੍ਰਿਫ਼ਤਾਰ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਐਕਸ ’ਤੇ ਇਕ ਪੋਸਟ ਵਿਚ ਕਿਹਾ ਕਿ ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਜਰਮਨ ਸਿੰਘ ਨੂੰ ਜਾਅਲੀ ਕਰੰਸੀ ਤੇ ਗੋਲੀਸਿੱਕੇ ਸਮੇਤ ਕਾਬੂ ਕੀਤਾ ਹੈ।

ਪੁਲੀਸ ਅਧਿਕਾਰੀ ਨੇ ਕਿਹਾ, ‘‘ਮੁਲਜ਼ਮ ਕੋਲੋਂ ਇਕ ਗਲੌਗ 9ਐੱਮਐੱਮ ਪਿਸਤਲ, ਇਕ .30 ਬੋਰ ਕੈਲੀਬਰ ਪਿਸਤਲ, 3 ਮੈਗਜ਼ੀਨ ਤੇ 2,15,000 ਰੁਪਏ ਦੀ ਜਾਅਲੀ ਕਰੰਸੀ ਬਰਾਮਦ ਕੀਤੀ ਹੈ।’

ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜਾਅਲੀ ਕਰੰਸੀ ਤੇ ਹਥਿਆਰਾਂ ਦੀ ਇਹ ਖੇਪ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਦੇ ਅਪਰੇਟਰਾਂ ਵੱਲੋਂ ਭੇਜੀ ਗਈ ਸੀ ਤਾਂ ਕਿ ਖਿੱਤੇ ਦੇ ਮਾਹੌਲ ਨੂੰ ਖ਼ਰਾਬ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਅੰਮ੍ਰਿਤਸਰ ਦੇ ਘਰਿੰਡਾ ਪੁਲੀਸ ਥਾਣੇ ਵਿਚ ਕੇਸ ਦਰਜ ਕਰਕੇ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। -ਪੀਟੀਆਈ

# ਮਨਰੇਗਾ ਮਜ਼ਦੂਰਾਂ ਨੇ ਬਜਟ ਦੀਆਂ ਕਾਪੀਆਂ ਨੂੰ ਅੱਗ ਲਗਾ ਕੇ ਪੰਜਾਬ ਸਰਕਾਰ ਖਿਲਾਫ ਕੀਤਾ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com



ਲੌਂਗੋਵਾਲ, 6 ਅਪ੍ਰੈਲ (ਜਗਸੀਰ ਸਿੰਘ) - ਨੇੜਲੇ ਪਿੰਡ ਫਰਵਾਹੀ ਵਿਖੇ ਗਊਸ਼ਾਲਾ ਦੇ ਨਜ਼ਦੀਕ ਸ਼ੀਲਾ ਦੇਵੀ, ਅੰਗਰੇਜ਼ ਕੌਰ ਦੀ ਅਗਵਾਈ ਵਿੱਚ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ (ਸੀਟੂ) ਦੇ ਮਨਰੇਗਾ ਕਿਰਤੀਆਂ ਵੱਲੋਂ ਭਗਵੰਤ ਮਾਨ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜਕੇ ਗੁੱਸੇ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਕੇਂਦਰ ਦੀ ਮੋਦੀ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਮਜ਼ਦੂਰ, ਕਿਸਾਨ, ਮੁਲਾਜ਼ਮ, ਦੁਕਾਨਦਾਰ, ਔਰਤਾਂ ਵਿਰੋਧੀ ਨੀਤੀਆਂ ਵਿਰੁੱਧ ਨਾਅਰੇਬਾਜ਼ੀ ਕਰਦਿਆਂ 10 ਕੌਮੀ ਟਰੇਡ ਯੂਨੀਅਨਾਂ ਅਤੇ ਹੋਰ 60 ਤੋਂ ਵਧੇਰੇ ਮੁਲਾਜ਼ਮ ਫੈਡਰੇਸ਼ਨਾਂ ਦੇ ਸੱਦੇ ਉੱਤੇ 20 ਮਈ ਨੂੰ ਦੇਸ਼ ਪੱਧਰ ਤੇ ਚੱਕਾ ਜਾਮ ਹੜਤਾਲ ਕਰਨ ਤੋਂ ਇਲਾਵਾ ਸੰਵਿਧਾਨ -ਸੰਵਿਧਾਨਕ ਹੱਕਾਂ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਅਤੇ ਖੋਰਾ ਲਾਉਣ ਦੀਆਂ ਸਾਜ਼ਿਸ਼ਾਂ ਵਿਰੁੱਧ ਇਨ੍ਹਾਂ ਦੀ ਰਾਖੀ ਲਈ 14 ਅਪ੍ਰੈਲ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਮਨਾਏ ਜਾਣ ਦਾ ਸੱਦਾ ਦਿੱਤਾ। ਸੀਟੂ ਪੰਜਾਬ ਦੇ ਸੂਬਾ ਸਕੱਤਰ ਸਾਥੀ ਸ਼ੇਰ ਸਿੰਘ ਫਰਵਾਹੀ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਮੀਤ ਪ੍ਰਧਾਨ ਸ਼ੀਲਾ ਦੇਵੀ ਨੇ ਸਾਲ 2025-26 ਲਈ ਭਗਵੰਤ ਮਾਨ ਦੀ ਸਰਕਾਰ ਵਲੋਂ ਤਿੰਨ ਸਾਲ ਪੂਰੇ ਕਰਨ ਪਾਸ ਕੀਤੇ ਬਜਟ ਨੂੰ ਆਮ ਲੋਕਾਂ ਲਈ ਖਾਲੀ ਲਿਫਾਫਾ ਦਸਦਿਆਂ ਕਿਹਾ ਕਿ ਸਰਕਾਰ ਵੱਲੋਂ ਤਿੰਨ ਸਾਲ ਪੂਰੇ ਕਰਨ ਬਾਅਦ ਵੀ ਇਸ ਨੇ ਬਾਲਗ ਔਰਤਾਂ ਨੂੰ 1000-1100 ਰੁਪਏ ਮਹੀਨਾ ਮਾਣ ਸਨਮਾਨ ਭੱਤਾ ਦੇਣ, ਪੈਨਸ਼ਨ ਧਾਰਕ ਬਜ਼ੁਰਗ, ਅੰਗਹੀਣ ਨਿਆਂ ਆਸ਼ਰਿਤਾਂ, ਬੱਚਿਆਂ ਔਰਤਾਂ ਅਤੇ ਵਿਧਵਾਵਾਂ ਨੂੰ 1000/- ਰੁਪਏ ਮਾਸਿਕ ਪੈਨਸ਼ਨ ਵਧਾਉਣ, ਮਨਰੇਗਾ, ਪੱਲੇਦਾਰਾਂ, ਮੰਡੀ ਕਾਮਿਆਂ ਦੀਆਂ ਉਜ਼ਰਤਾਂ ਚ' ਵਾਧਾ ਕਰਨਾ ਪੇਂਡੂ ਚੌਕੀਦਾਰਾਂ ਸਮੇਤ ਆਂਗਨਵਾੜੀ, ਮਿਡ ਡੇਅ ਮੀਲ, ਆਸ਼ਾ ਵਰਕਰਾਂ ਦੇ ਮਾਣਭੱਤੇ ਦੁਗੱਣੇ ਕਰਨ, ਮਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਪੰਚਾਇਤ ਸਕੱਤਰਾਂ ਦੇ ਬਰਾਬਰ ਗਰੇਡ ਦੇਣਾ,ਠੇਕਾ ਭਰਤੀ ਆਉਟਸੋਰਸਿੰਗ ਕਾਮਿਆਂ ਨੂੰ ਰੈਗੂਲਰ ਕਰਨ, ਮਜ਼ਦੂਰਾਂ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਦੇ ਵਾਅਦੇ ਅਸੈਂਬਲੀ ਚੋਣਾਂ ਵਿੱਚ ਕੀਤੇ ਅਤੇ ਦਿਤੀਆਂ ਗਰੰਟੀਆਂ ਨੂੰ ਪੂਰਾ ਕਰਨ ਦੀਆਂ ਲਾਈਆਂ ਆਸਾਂ ਅਤੇ "ਗੱਲਾਂ ਦਾ ਕੜਾਹ" ਬਣਾਕੇ ਪਾਸ ਕੀਤੇ ਬਜਟ ਨੇ ਆਸਾਂ ਤੇ ਪਾਣੀ ਫੇਰ ਦਿੱਤਾ ਹੈ।ਜਿਸ ਦੇ ਵਿਰੁੱਧ ਹਰ ਕਿਰਤੀ ਵਰਗ ਵੱਲੋਂ ਬਜਟ ਦੀਆਂ ਕਾਪੀਆਂ ਸਾੜਕੇ ਗੁੱਸੇ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ,ਜਿਸ ਵਿਰੁੱਧ ਜੱਥੇਬੰਦਕ ਵਿਰੋਧ ਨੂੰ ਜਾਰੀ ਰੱਖਣ ਦਾ ਐਲਾਨ ਵੀ ਕੀਤਾ।ਇਸ ਮੌਕੇ ਜਰਨੈਲ ਸਿੰਘ, ਕੁਲਵਿੰਦਰ ਕੌਰ, ਗੁਰਦੇਵ ਕੌਰ, ਸੁਖਵਿੰਦਰ ਕੌਰ , ਗਿਆਨ ਕੌਰ, ਮੁਖਤਿਆਰ ਕੌਰ, ਸ਼ਿੰਦਰ ਕੌਰ, ਅਮਰ ਕੌਰ, ਪੁਸ਼ਪਿੰਦਰ ਕੌਰ, ਕਰਮਜੀਤ ਕੌਰ ਆਦਿ ਹਾਜ਼ਰ ਸਨ।

# ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੇ ਆਗੂਆਂ ਨੇ ਕੀਤੀ ਅਹਿਮ ਮੀਟਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com



ਸੰਗਰੂਰ,6 ਅਪ੍ਰੈਲ (ਜਗਸੀਰ ਲੌਂਗੋਵਾਲ) - ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੇ ਸਰਗਰਮ ਆਗੂਆਂ ਦੀ ਮਹੱਤਵਪੂਰਨ ਮੀਟਿੰਗ ਸਾਥੀ ਜਤਿੰਦਰ ਪਾਲ ਸਿੰਘ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ। ਇਸ ਮੀਟਿੰਗ ਦੇ ਫੈਸਲੇ ਪ੍ਰੈਸ ਦੇ ਨਾਂ ਜਾਰੀ ਕਰਦਿਆਂ ਸੀਟੂ ਆਗੂ ਸਾਥੀ ਅਮਰਨਾਥ ਕੂੰਮਕਲਾਂ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਸੀਟੂ ਪੰਜਾਬ ਦੇ ਸੂਬਾਈ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ ਅਤੇ ਸੂਬਾਈ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਵਿਸ਼ੇਸ਼ ਤੌਰ ਤੇ ਪੁੱਜੇ। ਉਨ੍ਹਾਂ ਨੇ ਸੀਟੂ ਦੀ ਸੂਬਾਈ ਵਰਕਿੰਗ ਕਮੇਟੀ ਮੀਟਿੰਗ ਦੇ ਫੈਸਲਿਆਂ ਦੀ ਵਿਆਖਿਆ ਕੀਤੀ ਸਾਥੀ ਚੰਦਰ ਸ਼ੇਖਰ ਨੇ ਏਜੰਡਾ ਪੇਸ਼ ਕੀਤਾ,ਜਿਸ ਤੇ ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਆਪੋ ਆਪਣੇ ਸੁਝਾਅ ਦਿੱਤੇ ਤੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 14 ਅਪ੍ਰੈਲ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਸ਼ਹਿਰਾਂ ,ਕਸਬਿਆਂ ਦੇ ਮੁਹਲਿਆਂ ਅਤੇ ਪਿੰਡ -ਪਿੰਡ-ਧੂਮਧਾਮ ਨਾਲ ਮਨਾਇਆ ਜਾਵੇਗਾ ਇਸ ਦਿਨ ਸੰਵਿਧਾਨ ਸੰਵਿਧਾਨਕ ਸੰਸਥਾਵਾਂ, ਸੰਵਿਧਾਨਕ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਲਈ ਅਹਿਦ ਕੀਤਾ ਜਾਵੇਗਾ। ਪਹਿਲੀ ਮਈ ਦਾ ਮਜ਼ਦੂਰ ਦਿਹਾੜਾ ਫੈਕਟਰੀਆਂ ਦੇ ਗੇਟਾਂ, ਪਿੰਡਾਂ ਦੀਆਂ ਸੱਥਾਂ ਵਿੱਚ ਲੋਕਾਂ ਨੂੰ ਅਮਰੀਕਨ ਸਾਮਰਾਜ ਦੇ ਭੈੜੇ ਮਨਸੂਬਿਆਂ ਤੋਂ ਸੁਚੇਤ ਹੋਣ ਲਈ ਅਤੇ ਮਜ਼ਦੂਰਾਂ ਕਿਸਾਨਾਂ ਦੀ ਏਕਤਾ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ ਜਾਵੇਗੀ,ਆਪੋ ਆਪਣੇ ਘਰਾਂ ਦੇ ਗੇਟਾਂ ਤੇ ਸੀਟੂ ਦੇ ਇਨਕਲਾਬੀ ਝੰਡੇ ਝੁਲਾਏ ਜਾਣਗੇ। 20 ਮਈ ਦੀ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਕਰਨ ਲਈ ਲੁਧਿਆਣੇ ਜਿਲ੍ਹੇ ਵਿੱਚ 50 ਹਜ਼ਾਰ ਹੈਂਡ ਬਿਲ ਅਤੇ 5000 ਵੱਡੇ ਪੋਸਟਰ ਛਪਾਏ ਜਾਣਗੇ, ਜੋ ਸ਼ਹਿਰਾਂ , ਕਸਬਿਆਂ ਪਿੰਡਾਂ ਵਿੱਚ ਝੰਡਾ ਮਾਰਚ ਕਰਕੇ ਲੋਕਾਂ ਨੂੰ ਵੰਡੇ ਜਾਣਗੇ,ਜ਼ਿਲ੍ਹਾ ਪੱਧਰ ਤੇ 20 ਮਈ ਦੀ ਹੜਤਾਲ ਦੀ ਤਿਆਰੀ ਲਈ ਫੰਡ ਇਕੱਠਾ ਕੀਤਾ ਜਾਵੇਗਾ ਅਤੇ ਸੂਬਾਈ ਸੀਟੂ ਵੱਲੋਂ ਲਗਾਏ ਕੋਟੇ ਵੀ ਪੂਰੇ ਕੀਤੇ ਜਾਣਗੇ। ਮੀਟਿੰਗ ਵਿੱਚ ਹਾਜ਼ਰ ਸਰਵ ਸਾਥੀ ਦਲਜੀਤ ਕੁਮਾਰ ਗੋਰਾ, ਸੁਖਮਿੰਦਰ ਸਿੰਘ ਲੋਟੇ, ਹਨੂਮਾਨ ਪ੍ਰਸ਼ਾਦਿ ਦੂਬੇ, ਡਾਕਟਰ ਪ੍ਰਕਾਸ਼ ਸਿੰਘ ਬਰਮੀ,ਸਮਰ ਬਹਾਦਰ,ਰਾਮਲਾਲ, ਵਿਨੋਦ ਤਿਵਾੜੀ, ਰਾਮ ਬਰਿਛ, ਜਗਦੀਸ਼ ਚੌਧਰੀ, ਕੇਵਲ ਸਿੰਘ, ਜੋਗਿੰਦਰ ਰਾਮ ਹਾਜ਼ਰ ਸਨ ਤੇ ਅਖੀਰ ਵਿੱਚ ਸਾਰੇ ਆਗੂਆਂ ਦਾ ਸੀਟੂ ਆਗੂ ਸਾਥੀ ਜਤਿੰਦਰ ਪਾਲ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ।

# ਆਸਟ੍ਰੇਲੀਆਈ ਅੰਡਰ-14 ਕ੍ਰਿਕਟ ਟੀਮ ਨੇ 'ਨਿਕ ਬੇਕਰਜ਼' ਦੀ ਫੈਕਟਰੀ ਦਾ ਕੀਤਾ ਦੌਰਾ

## ਖਿਡਾਰੀਆਂ ਨੇ ਮਸ਼ਹੂਰ ਬੇਕਰੀ ਉਤਪਾਦਾਂ ਦਾ ਸਵਾਦ ਵੀ ਚਖਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com



ਸ਼ੈੱਫ ਨਿਖਿਲ ਮਿੱਤਲ ਦੁਆਰਾ ਸਥਾਪਿਤ ਮਸ਼ਹੂਰ ਬੇਕਰੀ ਚੇਨ, ਨਿਕ ਬੇਕਰਜ਼ ਵੱਲੋਂ ਬੀਤੀ ਸ਼ਾਮ ਈਸਟਰਨ ਬੁੱਲਜ਼, ਆਸਟ੍ਰੇਲੀਅਨ ਅੰਡਰ-14 ਕ੍ਰਿਕਟ ਟੀਮ ਦਾ ਮੋਹਾਲੀ ਵਿੱਚ ਆਪਣੀ ਫਲੈਗਸ਼ਿਪ ਫੈਕਟਰੀ ਵਿੱਚ ਇੱਕ ਵਿਸ਼ੇਸ਼ ਟੂਰ ਦੌਰਾਨ ਪੁੱਜਣ ਉਤੇ ਸਵਾਗਤ ਕੀਤਾ ਗਿਆ। ਇਸ ਦੌਰਾਨ ਟੀਮ ਦੇ ਖਿਡਾਰੀਆਂ ਅਤੇ ਸਹਾਇਕ ਮੈਂਬਰਾਂ ਵਲੋਂ ਫੈਕਟਰੀ ਵਿਚ ਬੇਕਰੀ ਵਿਚ ਵੱਖ ਵੱਖ ਤਰ੍ਹਾਂ ਉਤਪਾਦਾਂ ਬਾਰੇ ਜਾਣਕਾਰੀ ਹਾਸਲ ਕੀਤੀ।

ਇਸ ਟੂਰ ਦੌਰਾਨ ਕੰਪਨੀ ਦੇ ਮਾਲਕ ਸ਼੍ਰੀ ਵਿਨੋਦ ਮਿੱਤਲ, ਸ਼ੈੱਫ ਨਿਖਿਲ ਮਿੱਤਲ ਅਤੇ ਸ਼੍ਰੀ ਨਿਤਿਨ ਮਿੱਤਲ ਵੱਲੋਂ ਵਿਸ਼ੇਸ਼ ਤੌਰ 'ਤੇ ਨੇ ਮਹਿਮਾਨਾਂ ਲਈ ਇੱਕ ਹਾਈ-ਟੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਤਾਜ਼ੇ ਬੇਕਰੀ ਉਤਪਾਦਾਂ, ਸਨੈਕਸ ਅਤੇ ਡਰਿੰਕਸ ਵਿਸ਼ੇਸ਼ ਤੌਰ ਉਤੇ ਵਰਤਾਏ ਗਏ, ਜਿਸ ਨਾਲ ਇੱਕ ਜਸ਼ਨ ਵਾਲਾ ਮਾਹੌਲ ਪੈਦਾ ਹੋ ਗਿਆ। ਇਸ ਦੌਰਾਨ ਕੇਕ ਰਸਕ, ਕੂਕੀਜ਼ ਅਤੇ ਪੇਸਟਰੀਆਂ ਅਤੇ ਹਾਈ-ਟੀ ਦੇ ਨਾਲ ਨਾਲ ਖੇਡਾਂ ਸਬੰਧੀ ਤਜ਼ਰਬੇ ਸਾਂਝੇ ਕੀਤੇ ਗਏ।

ਨੌਜਵਾਨ ਕ੍ਰਿਕਟਰਾਂ ਨੂੰ ਨਿਕ ਬੇਕਰ ਦੀਆਂ ਅਤਿ-ਆਧੁਨਿਕ ਬੇਕਿੰਗ ਮਸ਼ੀਨਰੀ ਬਾਰੇ ਜਾਣੂੰ ਕਰਵਾਇਆ ਗਿਆ ਅਤੇ ਉਹਨਾਂ ਬੇਕਰੀ ਦੇ ਵਿਸ਼ੇਸ਼ ਉਤਪਾਦਾਂ ਨੂੰ ਤਿਆਰ ਕਰਨ ਦੀ ਬਾਰੀਕੀ ਪ੍ਰਕਿਰਿਆ ਨੂੰ ਬੜੇ ਹੀ ਉਤਸ਼ਾਹਪੂਰਵਕ ਵਾਚਿਆ। ਸ਼ੈੱਫ ਨਿਖਿਲ ਮਿੱਤਲ, ਜਿਨ੍ਹਾਂ ਨੇ ਆਸਟ੍ਰੇਲੀਆ ਵਿੱਚ ਪੜ੍ਹਾਈ ਕੀਤੀ ਅਤੇ ਆਪਣੀ ਮੁਹਾਰਤ ਭਾਰਤ ਵਾਪਸ ਲਿਆਂਦੀ, ਨੇ ਨਿੱਜੀ ਤੌਰ 'ਤੇ ਟੀਮ ਦਾ ਮਾਰਗਦਰਸ਼ਨ ਕੀਤਾ ਅਤੇ ਨਾਲ ਹੀ ਬੇਕਿੰਗ ਕਲਾ ਬਾਰੇ ਆਪਣਾ ਤਜ਼ਰਬਾ ਸਾਂਝਾ ਕੀਤਾ।

ਆਪਣੇ ਇਸ ਸਫ਼ਲ ਸਫ਼ਰ ਬਾਰੇ ਗੱਲਬਾਤ ਕਰਦਿਆਂ ਸ਼ੈੱਫ ਨਿਖਿਲ ਨੇ ਦੱਸਿਆ ਕਿ ਉਸ ਨੇ ਆਸਟ੍ਰੇਲੀਆ ਵਿੱਚ ਪੜ੍ਹਾਈ ਦੌਰਾਨ ਬੇਕਿੰਗ ਦੇ ਇਸ ਕੀਮਤੀ ਹੁਨਰ ਨੂੰ ਡੂੰਘਾਈ ਨਾਲ ਜਾਣਿਆ। ਉਹਨਾਂ ਦੱਸਿਆ ਕਿ ਸ਼ੁਰੂ ਵਿੱਚ ਉਸ ਨੇ ਆਪਣਾ ਕੈਰੀਅਰ ਆਸਟ੍ਰੇਲੀਆ ਵਿਚ ਹੀ ਸਥਾਪਤ ਕਰਨ ਦੀ ਯੋਜਨਾ ਬਣਾਈ ਸੀ। ਉਸਦੇ ਪਿਤਾ (ਸ਼੍ਰੀ ਵਿਨੋਦ ਮਿੱਤਲ) ਦੇ ਉਤਸ਼ਾਹ ਨੇ ਉਨ੍ਹਾਂ ਨੂੰ ਭਾਰਤ ਵਿਚ ਹੀ 'ਨਿਕ ਬੇਕਰ' ਦੀ ਸ਼ੁਰੂਆਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇ ਛੋਟੇ ਭਰਾ, ਸ਼੍ਰੀ ਨਿਤਿਨ ਮਿੱਤਲ ਨੇ ਬ੍ਰਾਂਡ ਨੂੰ ਸਥਾਪਤ ਕਰਨ ਅਤੇ ਇਸ ਐਮਐਨਸੀ ਨੂੰ ਬਣਾਉਣ ਵਿੱਚ ਉਨ੍ਹਾਂ ਦਾ ਭਰਪੂਰ ਸਹਿਯੋਗ ਦਿਤਾ। ਉਹਨਾਂ ਕਿਹਾ ਕਿ ਈਸਟਰਨ ਬੁੱਲਜ਼ ਆਸਟ੍ਰੇਲੀਅਨ ਅੰਡਰ-14 ਕ੍ਰਿਕਟ ਟੀਮ ਦੀ ਮੇਜ਼ਬਾਨੀ ਕਰਨਾ ਉਹਨਾਂ ਦੀ ਜ਼ਿੰਦਗੀ ਦਾ ਇੱਕ ਯਾਦਗਾਰ ਪਲ ਹੈ, ਜੋ ਕਿ ਦੋਵਾਂ ਦੇਸ਼ਾਂ ਦੇ ਉਨ੍ਹਾਂ ਦੇ ਤਜ਼ਰਬਿਆਂ ਨੂੰ ਮਿਲਾਉਂਦਾ ਹੈ।

ਈਸਟਰਨ ਬੁੱਲਜ਼ ਆਸਟ੍ਰੇਲੀਅਨ ਅੰਡਰ-14 ਕ੍ਰਿਕਟ ਟੀਮ ਦਾ ਇਹ ਦੌਰਾ ਸਵਾਦ ਭਰਪੂਰ ਖਾਣਿਆਂ ਨਾਲ ਸਮਾਪਤ ਹੋਇਆ, ਜਿਸ ਦੌਰਾਨ ਨੌਜਵਾਨ ਐਥਲੀਟਾਂ ਨੇ ਨਿਕ ਬੇਕਰ ਦੇ ਕਈ ਤਰ੍ਹਾਂ ਦੇ ਪਕਵਾਨਾਂ ਦਾ ਸੁਆਦ ਚਖਿਆ। ਇਸ ਸਮਾਗਮ ਨੇ ਨਾ ਸਿਰਫ਼ ਭਾਰਤ ਅਤੇ ਆਸਟ੍ਰੇਲੀਆ ਵਿਚਕਾਰ ਸੱਭਿਆਚਾਰਕ ਆਦਾਨ-ਪ੍ਰਦਾਨ ਨੂੰ ਉਜਾਗਰ ਕੀਤਾ, ਸਗੋਂ ਸਾਂਝੇ ਅਨੁਭਵਾਂ ਰਾਹੀਂ ਅੰਤਰਰਾਸ਼ਟਰੀ ਦੋਸਤੀ ਨੂੰ ਉਤਸ਼ਾਹਿਤ ਕਰਨ ਲਈ 'ਨਿਕ ਬੇਕਰ' ਦੀ ਵਚਨਬੱਧਤਾ ਨੂੰ ਵੀ ਉਜਾਗਰ ਕੀਤਾ।

ਸਫਾ 3 ਦੀ ਬਾਕੀ ਖਬਰ

ਤੋਂ ਇਲਾਵਾ, ਅਰੁਣਾਚਲ ਪ੍ਰਦੇਸ਼, ਅਸਾਮ ਅਤੇ ਮੇਘਾਲਿਆ, ਤਾਮਿਲਨਾਡੂ, ਪੁਡੂਚੇਰੀ ਅਤੇ ਕਰਾਈਕਲ, ਤੱਟਵਰਤੀ ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਦੇ ਯਾਨਮ ਵਿੱਚ ਅਲੱਗ-ਥਲੱਗ ਥਾਵਾਂ 'ਤੇ ਤੇਜ਼ ਹਵਾਵਾਂ ਵਾਲੇ ਤੂਫਾਨ ਦੇਖੇ ਗਏ।

ਭਾਰਤੀ ਮੌਸਮ ਵਿਭਾਗ ਦੀ ਤਾਜ਼ਾ ਭਵਿੱਖਬਾਣੀ ਅਨੁਸਾਰ, 6-10 ਅਪ੍ਰੈਲ ਦੌਰਾਨ ਗੁਜਰਾਤ ਰਾਜ ਦੇ ਕੁਝ ਸਥਾਨਾਂ 'ਤੇ ਗਰਮੀ ਦੀ ਲਹਿਰ ਦੀ ਸੰਭਾਵਨਾ ਹੈ। ਆਈਐਮਡੀ ਨੇ ਕਿਹਾ ਕਿ 6 ਤੋਂ 10 ਅਪ੍ਰੈਲ ਦੇ ਵਿਚਕਾਰ ਰਾਜਸਥਾਨ, ਹਰਿਆਣਾ, ਚੰਡੀਗੜ੍ਹ, ਦਿੱਲੀ, ਮੱਧ ਪ੍ਰਦੇਸ਼ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਗਰਮੀ ਦੀ ਲਹਿਰ ਦੇਖੀ ਜਾਵੇਗੀ। ਇਸ ਦੇ ਨਾਲ ਹੀ, ਗੁਜਰਾਤ ਰਾਜ ਅਤੇ ਕੋਂਕਣ ਅਤੇ ਗੋਆ ਦੇ ਤੱਟਵਰਤੀ ਖੇਤਰਾਂ ਵਿੱਚ ਗਰਮ ਅਤੇ ਨਮੀ ਵਾਲਾ ਮੌਸਮ ਰਹਿਣ ਦੀ ਸੰਭਾਵਨਾ ਹੈ।

ਭਾਰਤੀ ਮੌਸਮ ਵਿਭਾਗ ਨੇ ਕਿਹਾ ਕਿ ਇੱਕ ਨਵਾਂ ਪੱਛਮੀ ਗੜਬੜ ਪੱਛਮੀ ਹਿਮਾਲੀਅਨ ਖੇਤਰ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜਿਸ ਕਾਰਨ ਜੰਮੂ-ਕਸ਼ਮੀਰ-ਲਦਾਖ-ਗਿਲਗਿਤ-ਬਾਲਟਿਸਤਾਨ-ਮੁਜ਼ੱਫਰਾਬਾਦ ਵਿੱਚ ਗਰਜ, ਬਿਜਲੀ ਅਤੇ ਤੇਜ਼ ਹਵਾਵਾਂ ਦੇ ਨਾਲ ਥੋੜ੍ਹੇ-ਥੋੜ੍ਹੇ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਥੋੜ੍ਹੇ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਦੇ ਤਾਜ਼ਾ ਅਪਡੇਟ ਵਿੱਚ ਕਿਹਾ ਗਿਆ ਹੈ ਕਿ ਅਗਲੇ 4 ਦਿਨਾਂ ਦੌਰਾਨ ਉੱਤਰ-ਪੱਛਮੀ ਭਾਰਤ, ਮਹਾਰਾਸ਼ਟਰ ਦੇ ਕਈ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 2-4 ਡਿਗਰੀ ਸੈਲਸੀਅਸ ਵਧਣ ਦੀ ਸੰਭਾਵਨਾ ਹੈ। ਮੱਧ ਭਾਰਤ ਦੇ ਕਈ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ ਵਿੱਚ 2-3 ਡਿਗਰੀ ਸੈਲਸੀਅਸ ਦਾ ਵਾਧਾ ਹੋ ਸਕਦਾ ਹੈ। ਅਗਲੇ 3 ਦਿਨਾਂ ਦੌਰਾਨ ਕੋਈ ਮਹੱਤਵਪੂਰਨ ਬਦਲਾਅ ਨਹੀਂ ਦੇਖਿਆ ਜਾਵੇਗਾ। ਇਸ ਦੇ ਨਾਲ ਹੀ, ਅਗਲੇ 2 ਦਿਨਾਂ ਦੌਰਾਨ ਗੁਜਰਾਤ ਵਿੱਚ ਵੱਧ ਤੋਂ ਵੱਧ ਤਾਪਮਾਨ ਲਗਭਗ 2 ਡਿਗਰੀ ਸੈਲਸੀਅਸ ਵਧੇਗਾ। ਉਸ ਤੋਂ ਬਾਅਦ, ਅਗਲੇ 3 ਦਿਨਾਂ ਦੌਰਾਨ ਤਾਪਮਾਨ ਵਿੱਚ 2-4 ਡਿਗਰੀ ਸੈਲਸੀਅਸ ਦੀ ਗਿਰਾਵਟ ਆਉਣ ਦੀ ਉਮੀਦ ਹੈ।

# ਪੰਜਾਬ ਸਰਕਾਰ ਵੱਲੋਂ ਆਸ਼ੀਰਵਾਦ ਸਕੀਮ ਹੇਠ 102.69 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਜਾਰੀ – ਡਾ. ਬਲਜੀਤ ਕੌਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ। ਇਸੇ ਦ੍ਰਿਸ਼ਟੀਕੋਣ ਅਧੀਨ, ਪਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਪੰਜਾਬ ਸਰਕਾਰ ਵੱਲੋਂ ਆਸ਼ੀਰਵਾਦ ਸਕੀਮ ਰਾਹੀਂ ਵਿੱਤੀ ਸਾਲ 2024-2025 ਦੌਰਾਨ 102.69 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਜਾ ਚੁੱਕੀ ਹੈ। ਇਹ ਜਾਣਕਾਰੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ ਬਲਜੀਤ ਕੌਰ ਨੇ ਦੱਸਿਆ ਕਿ ਇਸ ਸਕੀਮ ਦੇ ਤਹਿਤ 20,136 ਲਾਭਪਾਤਰੀਆਂ ਨੂੰ ਲਾਭ ਪਹੁੰਚਾਇਆ ਗਿਆ ਹੈ। ਆਸ਼ੀਰਵਾਦ ਸਕੀਮ ਅਧੀਨ, ਪੰਜਾਬ ਸਰਕਾਰ ਵੱਲੋਂ ਘੱਟ ਆਮਦਨ ਵਾਲੇ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਕੈਬਨਿਟ ਮੰਤਰੀ ਨੇ ਆਗਾਹ ਕਰਦੇ ਹੋਏ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਲੋੜਵੰਦ ਬਿਨੈਕਾਰ ਦਾ ਪੰਜਾਬ ਰਾਜ ਦਾ ਸਥਾਈ ਨਿਵਾਸੀ ਹੋਣਾ ਲਾਜ਼ਮੀ ਹੈ। ਉਸ ਦਾ ਪਰਿਵਾਰ ਅਨੁਸੂਚਿਤ ਜਾਤੀ, ਪਛੜੀਆਂ ਸ਼੍ਰੇਣੀਆਂ ਜਾਂ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨਾਲ ਸਬੰਧਤ ਹੋਵੇ ਅਤੇ ਪਰਿਵਾਰ ਦੀ ਸਾਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ। ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਦੇ ਪਰਿਵਾਰਾਂ ਦੀਆਂ ਦੋ ਧੀਆਂ ਤੱਕ ਇਸ ਸਕੀਮ ਦਾ ਲਾਭ ਲੈ ਸਕਦੀਆਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਰਕਮ ਸਿੱਧਾ ਡੀਬੀਟੀ ਰਾਹੀਂ ਲਾਭਪਾਤਰੀਆਂ



ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾਂਦੀ ਹੈ, ਜਿਸ ਨਾਲ ਪੂਰੀ ਪਾਰਦਰਸ਼ਤਾ ਅਤੇ ਤੁਰੰਤ ਲਾਭ ਯਕੀਨੀ ਬਣਾਇਆ ਜਾਂਦਾ ਹੈ।

ਡਾ. ਬਲਜੀਤ ਕੌਰ ਨੇ ਆਖ਼ਿਰ 'ਚ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੇ ਲੋਕਾਂ ਦੀ ਤਰੱਕੀ, ਖੁਸ਼ਹਾਲੀ ਅਤੇ ਆਤਮਨਿਰਭਰਤਾ ਨੂੰ ਯਕੀਨੀ ਬਣਾਉਣ ਵੱਲ ਤੇਜ਼ੀ ਨਾਲ ਕਦਮ ਚੁੱਕ ਰਹੀ ਹੈ।

# ਸਮਾਜਿਕ ਸਮਾਨਤਾ ਸੰਗਠਨ ਦੇ ਵਾਈਸ ਪ੍ਰਧਾਨ ਸੋਮਨਾਥ ਸਿੰਘ ਵੱਲੋਂ ਸੰਵਿਧਾਨ ਬਚਾਓ ਟੀਮ ਨੂੰ ਚਮਚਾ ਯੁੱਗ ਕਿਤਾਬ ਭੇਟ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com





ਨਵਾਂਸ਼ਹਿਰ (ਚਰਨਜੀਤ ਸੱਲ੍ਹਾ )ਅੱਜ ਸੰਵਿਧਾਨ ਬਚਾਓ ਟੀਮ ਵੱਲੋਂ ਗੜ੍ਹਸ਼ੰਕਰ ਰੋਡ, ਗਲੀ ਨੰਬਰ ਇੱਕ ਨਵਾਂ ਸ਼ਹਿਰ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਦੇ ਸਬੰਧ ਵਿੱਚ ਬੱਚਿਆਂ ਦੇ ਵਿਦਿਅਕ ਮੁਕਾਬਲੇ ਕਰਵਾਏ ਗਏ।

ਇਹਨਾਂ ਪੇਪਰ ਮੁਕਾਬਲੇ ਵਿੱਚ ਇੱਕ ਟੀਮ ਏ ਅਤੇ ਦੂਸਰੀ ਟੀਮ ਬੀ ਬਣਾਈ ਗਈ ਟੀਮ ਏ ਵਿੱਚ ਪੰਜਵੀਂ ਕਲਾਸ ਤੱਕ ਦੇ ਬੱਚਿਆਂ ਨੇ ਭਾਗ ਲਿਆ ਅਤੇ ਬੀ ਟੀਮ ਵਿੱਚ ਛੇਵੀਂ ਤੋਂ ਲੈ ਕੇ ਅਪਰ ਕਲਾਸ ਤੱਕ ਦੇ ਬੱਚਿਆਂ ਨੇ ਭਾਗ ਲਿਆ। ਕੁੱਲ 22 ਬੱਚਿਆਂ ਨੇ ਇਸ ਪ੍ਰੋਗਰਾਮ ਵਿੱਚ ਭਾਗ ਲਿਆ। ਸੋਮਨਾਥ ਸਿੰਘ ਵਾਈਸ ਪ੍ਰਧਾਨ ਸਮਾਜਿਕ ਸਮਾਨਤਾ ਸੰਗਠਨ ਪੰਜਾਬ (ਰਜਿ) ਨੂੰ ਇਸ ਪ੍ਰੋਗਰਾਮ ਦੇ ਵਿੱਚ ਵਿਸ਼ੇਸ਼ ਤੌਰ ਤੇ ਪੇਪਰ ਲੈਣ ਦੇ ਲਈ ਬੁਲਾਇਆ ਗਿਆ। ਜਿਨ੍ਹਾਂ ਨੇ ਬਾਬਾ ਸਾਹਿਬ ਦੇ ਜੀਵਨ ਬਾਰੇ ਬੱਚਿਆਂ ਦੇ ਨਾਲ ਸਾਂਝ ਕੀਤੀ ਕਿ ਕਿਵੇਂ ਬਾਬਾ ਸਾਹਿਬ ਨੇ ਬੜੀ ਮੁਸ਼ਕਿਲਾਂ ਦੇ ਨਾਲ ਆਪਣੀ ਪੜ੍ਹਾਈ ਨੂੰ ਪੂਰਾ ਕੀਤਾ ਉਹਦੇ ਬਾਰੇ ਚਾਨਣਾ ਪਾਇਆ ਗਿਆ। ਆਪਣੇ ਭਾਸ਼ਣ ਦੌਰਾਨ ਉਹਨਾਂ ਨੇ ਦੱਸਿਆ ਕਿ ਜਦੋਂ ਬਾਬਾ ਸਾਹਿਬ ਪੜ੍ਹਨ ਸਕੂਲ ਜਾਂਦੇ ਸੀ ਤਾਂ ਉਹਨਾਂ ਨੂੰ ਬੱਚਿਆਂ ਦੀ ਕਲਾਸ ਦੇ ਕਮਰੇ ਤੋਂ ਬਾਹਰ ਬੈਠਣਾ ਪੈਂਦਾ ਸੀ। ਉਹਨਾਂ ਨੂੰ ਪੀਣ ਲਈ ਪਾਣੀ ਕੋਲ ਲੈਕੇ ਜਾਣਾ ਪੈਂਦਾ ਸੀ ਅਤੇ ਬੈਠਣ ਦੇ ਲਈ ਥੈਲਾ (ਤੱਪੜ) ਵੀ ਆਪਣਾ ਹੀ ਲੈ ਕੇ ਜਾਣਾ ਪੈਂਦਾ ਸੀ। ਇੰਨੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਬਾਬਾ ਸਾਹਿਬ ਉਸ ਸਮੇਂ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਵਿਅਕਤੀ ਬਣੇ। ਅੱਜ ਉਹਨਾਂ ਨੂੰ 'ਸਿੰਬਲ ਆਫ ਨਾਲੇਜ' ਦੇ ਨਾਂ ਨਾਲ ਪੂਰੇ ਸੰਸਾਰ ਵਿੱਚ ਜਾਣਿਆ ਜਾਂਦਾ ਹੈ। ਉਹਨਾਂ ਨੇ ਆਪਣੇ ਭਾਸ਼ਣ ਵਿੱਚ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਬੱਚਿਓ ਜੇਕਰ ਤੁਸੀਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਮਿਸ਼ਨ ਨੂੰ ਉਚਾਈਆਂ ਤੱਕ ਲੈ ਕੇ ਜਾਣਾ ਚਾਹੁੰਦੇ ਹੋ ਤਾਂ ਤੁਹਾਡਾ ਪਹਿਲਾ ਕੰਮ ਬਾਬਾ ਸਾਹਿਬ ਦਾ ਦਿੱਤਾ ਹੋਇਆ ਉਪਦੇਸ਼ 'ਪੜ੍ਹੋ' ਨੂੰ ਅਪਣਾਉਂਦੇ ਹੋਏ ਉਚ ਵਿਦਿਆ ਪ੍ਰਾਪਤ ਕਰਨੀ ਚਾਹੀਦੀ ਹੈ। ਬਾਬਾ ਸਾਹਿਬ ਨੇ ਆਖਿਆ ਸੀ ਕਿ 'ਵਿਦਿਆ ਸ਼ੇਰਨੀ ਦਾ ਉਹ ਦੁੱਧ ਹੈ ਜੋ ਪੀਏਗਾ ਉਹ ਦਹਾੜੇਗਾ'।

ਟੀਮ ਦੇ ਇੰਚਾਰਜ ਸੋਨੂ ਸਾਬ ਨੇ ਸੋਮਨਾਥ ਸਿੰਘ ਨਾਲ ਗੱਲ ਕਰਦੇ ਹੋਏ ਆਖਿਆ ਕਿ ਅਸੀਂ ਬਾਬਾ ਸਾਹਿਬ ਜੀ ਦਾ ਪ੍ਰੋਗਰਾਮ ਪਿਛਲੇ ਕਈ ਸਾਲਾਂ ਤੋਂ ਮਨਾਉਂਦੇ ਆ ਰਹੇ ਹਾਂ ਇਸ ਵਾਰ ਅਸੀਂ ਬੱਚਿਆਂ ਦੇ ਵਿਦਿਅਕ ਮੁਕਾਬਲੇ ਪਹਿਲੀ ਵਾਰੀ ਕਰਵਾਏ ਹਨ। ਆਉਂਦੇ ਸਾਲਾਂ ਵਿੱਚ ਅਸੀਂ ਇਸ ਨੂੰ ਵੱਡੀ ਪੱਧਰ ਤੇ ਕਰਵਾਉਣ ਦਾ ਸੋਚ ਰਹੇ ਹਾਂ। ਸੋਨੂੰ ਸਾਬ ਨੇ ਅੱਗੇ ਨਵਾਂ ਸ਼ਹਿਰ ਦੇ ਵਾਸੀਆਂ ਨੂੰ ਸੁਨੇਹਾ ਦਿੰਦੇ ਹੋਏ ਆਖਿਆ ਕਿ 14 ਅਪ੍ਰੈਲ ਨੂੰ ਗਲੀ ਨੰਬਰ ਨੰਬਰ:-1, ਗੜ੍ਹਸ਼ੰਕਰ ਰੋੜ ਨਵਾਂ ਸ਼ਹਿਰ ਵਿਖੇ ਸ਼ਾਮ ਦੇ 3 ਵਜੇ ਤੋਂ ਲੈ ਕੇ ਰਾਤ ਦੇ 7ਵਜੇ ਤੱਕ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਪ੍ਰੋਗਰਾਮ ਮਨਾਇਆ ਜਾਵੇਗਾ। ਬੱਚੇ ਜੋ ਇਸ ਪ੍ਰੋਗਰਾਮ ਵਿੱਚ ਭਾਗ ਲੈ ਰਹੇ ਹਨ, ਉਹਨਾਂ ਕੋਲੋਂ ਬਾਬਾ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਕੋਰੀਓਗ੍ਰਾਫੀ ਕਰਵਾਈ ਜਾਵੇਗੀ ਅਤੇ ਬਾਬਾ ਸਾਹਿਬ ਦਾ ਸੰਦੇਸ਼ ਜੋ ਹੈ, ਉਹ ਲੋਕਾਂ ਤੱਕ ਪਹੁੰਚਾਇਆ ਜਾਵੇਗਾ। ਇਸ ਦੇ ਨਾਲ ਹੀ ਜੋ ਬੱਚੇ ਇਸ ਪ੍ਰੋਗਰਾਮ ਵਿੱਚ ਭਾਗ ਲੈਣਗੇ ਉਹਨਾਂ ਨੂੰ ਭਾਰਤ ਦਾ ਸੰਵਿਧਾਨ ਭੇਟ ਕੀਤਾ ਜਾਵੇਗਾ। ਉਹਨਾਂ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਪ੍ਰੋਗਰਾਮ ਨੂੰ ਕਰਵਾਉਣ ਦੇ ਲਈ ਸਾਡੀ ਜੋ ਟੀਮ ਹੈ ਉਸਦੇ ਵਿੱਚ ਰਾਜਕੁਮਾਰ ,ਨਛੱਤਰ ਸਿੰਘ, ਅਮਰਜੀਤ ਲਾਲ, ਹਰਵਿੰਦਰ ਕੌਰ, ਰੇਖਾ ਰਾਣੀ, ਰੀਨਾ ਰਾਣੀ, ਅਮਨ, ਇੰਦਰਜੀਤ ਕੁਮਾਰ ਅਤੇ ਗਗਨਦੀਪ ਇਹ ਸਾਰੇ ਮੈਂਬਰ ਰਲ ਕੇ ਕੰਮ ਕਰਦੇ ਹਨ। ਮੈਡਮ ਹਰਵਿੰਦਰ ਕੌਰ ਜੋ ਕਿ ਬੱਚਿਆਂ ਨੂੰ ਬਾਬਾ ਸਾਹਿਬ ਦਾ ਲਿਟਰੇਚਰ ਉਪਲੱਬਧ ਕਰਵਾਉਂਦੇ ਹਨ ਅਤੇ ਨਾਲ ਦੀ ਨਾਲ ਬਾਬਾ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਜਾਣਕਾਰੀ ਦਿੰਦੇ ਹਨ। ਪੇਪਰ ਦੀ ਤਿਆਰੀ ਦਾ ਸਾਰਾ ਕੰਮ ਉਹਨਾਂ ਦੇ ਜਿੰਮੇ ਹੁੰਦਾ ਹੈ। ਇਸ ਕੰਮ ਦੇ ਵਿੱਚ ਰੇਖਾ ਰਾਣੀ, ਰੀਨਾ ਰਾਣੀ ਅਤੇ ਅਮਨ ਵੀ ਉਹਨਾਂ ਦਾ ਸਹਿਯੋਗ ਕਰਦੇ ਹਨ। ਇਸ ਵਾਰੀ ਜੋ ਬੱਚੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣਗੇ ਉਹਨਾਂ ਨੂੰ ਸੰਵਿਧਾਨ ਬਚਾਓ ਟੀਮ ਵੱਲੋਂ ਇਨਾਮ ਵੀ ਦਿੱਤੇ ਜਾਣਗੇ। ਅੱਜ ਦੇ ਇਸ ਪ੍ਰੋਗਰਾਮ ਦੇ ਵਿੱਚ ਬੱਚਿਆਂ ਅਤੇ ਸਾਰੀ ਟੀਮ ਦੇ ਲਈ ਰਿਫਰੈਸ਼ਮੈਂਟ ਦਾ ਵੀ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਸੋਮਨਾਥ ਸਿੰਘ ਵੱਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਲਿਖੀ ਕਿਤਾਬ ਚਮਚਾਯੁੱਗ ਸਾਰੀ ਟੀਮ ਸਮੇਤ ਸੋਨੂ ਸਾਬ ਨੂੰ ਭੇਟ ਕੀਤੀ ਗਈ।ਅੰਤ ਵਿੱਚ ਸੋਨੂ ਸਾਬ ਵੱਲੋਂ ਆਏ ਹੋਏ ਸਾਰੀ ਟੀਮ ਅਤੇ ਬੱਚਿਆਂ ਦਾ ਧੰਨਵਾਦ ਕੀਤਾ ਗਿਆ।

# ਸੱਚਦੇਵਾ ਸਟਾਕਸ ਹੁਸ਼ਿਆਰਪੁਰ ਸਾਈਕਲੋਥਾਨ ਸੀਜਨ-7 ਸਫਲਤਾਪੂਰਵਕ ਸੰਪੰਨ

- 400 ਸਾਈਕਲਿਸਟਾਂ ਨੇ ਲਿਆ ਹਿੱਸਾ, ਨਸ਼ਿਆਂ ਖਿਲਾਫ ਖੜ੍ਹਨ ਦਾ ਦਿੱਤਾ ਸੁਨੇਹਾ
- ਲੋਕ ਸਭਾ ਮੈਂਬਰ ਡਾ. ਚੱਬੇਵਾਲ, ਡਿਪਟੀ ਕਮਿਸ਼ਨਰ ਤੇ ਐੱਸ.ਐੱਸ.ਪੀ.ਨੇ ਦਿਖਾਈ ਹਰੀ ਝੰਡੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com



ਕੈਪਸ਼ਨ-ਸਾਈਕਲੋਥਾਨ ਨੂੰ ਹਰੀ ਝੰਡੀ ਦਿਖਾਉਂਦੇ ਹੋਏ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਕਮਿਸ਼ਨਰ ਅਤੇ ਐੱਸ.ਐੱਸ.ਪੀ. ਹੁਸ਼ਿਆਰਪੁਰ।



ਕੈਪਸ਼ਨ-ਸਾਈਕਲੋਥਾਨ ਵਿੱਚ ਭਾਗ ਲੈਣ ਵਾਲੇ ਸਾਈਕਲਿਸਟਾਂ ਨਾਲ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਕਮਿਸ਼ਨਰ, ਐੱਸ.ਐੱਸ.ਪੀ. ਅਤੇ ਪਰਮਜੀਤ ਸੱਚਦੇਵਾ।

ਹੁਸ਼ਿਆਰਪੁਰ 6 ਅਪ੍ਰੈਲ ( ਤਰਸੇਮ ਦੀਵਾਨਾ ) ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ ਕਰਵਾਇਆ ਗਿਆ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਸਾਈਕਲੋਥਾਨ ਸੀਜਨ-7 ਸਫਲਤਾਪੂਰਵਕ ਸੰਪੰਨ ਹੋ ਗਿਆ ਜਿਸ ਵਿੱਚ ਦੇਸ਼ ਭਰ ਤੋਂ 400 ਦੇ ਲੱਗਭੱਗ ਸਾਈਕਲਿਸਟਾਂ ਨੇ ਭਾਗ ਲਿਆ ਤੇ ਇਸ ਦੌਰਾਨ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਪ੍ਰਤੀ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ, ਇਸ ਸਾਈਕਲੋਥਾਨ ਦੀ ਸ਼ੁਰੂਆਤ ਸਵੇਰੇ 7 ਵਜੇ ਸੱਚਦੇਵਾ ਸਟਾਕਸ ਦੇ ਮੁੱਖ ਦਫਤਰ ਬੁਲਾਵਾੜੀ ਤੋਂ ਹੋਈ ਜਿੱਥੇ ਕਲੱਬ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਦੀ ਅਗਵਾਈ ਹੇਠ ਪੁੱਜੇ ਵਿਸ਼ੇਸ਼ ਮਹਿਮਾਨਾਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐੱਸ. ਐੱਸ.ਪੀ. ਸੰਦੀਪ ਕੁਮਾਰ ਮਲਿਕ ਵੱਲੋਂ ਹਰੀ ਝੰਡੀ ਵਿਖਾ ਕੇ ਸਾਈਕਲਿਸਟਾਂ ਨੂੰ ਰਵਾਨਾ ਕੀਤਾ ਗਿਆ, ਇਸ ਤੋਂ ਪਹਿਲਾ ਜੇ.ਐੱਸ. ਐੱਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦੇ ਸਪੈਸ਼ਲ ਬੱਚਿਆਂ ਵੱਲੋਂ ਸਪੈਸ਼ਲ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਤੰਦਰੁਸਤੀ ਤੋਂ ਵੱਡੀ ਕੋਈ ਵੀ ਸੌਗਾਤ ਨਹੀਂ ਹੈ ਅਤੇ ਸਾਈਕਲਿੰਗ ਤਹਾਨੂੰ ਫਿੱਟ ਰਹਿਣ ਵਿੱਚ ਮਦਦ ਕਰਦੀ ਹੈ, ਉਨ੍ਹਾਂ ਕਿਹਾ ਕਿ ਫਿੱਟ ਬਾਈਕਰ ਕਲੱਬ ਵੱਲੋਂ ਕਰਵਾਈ ਜਾ ਰਹੀ ਇਸ ਸਾਈਕਲੋਥਾਨ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਉਹ ਘੱਟ ਹੈ। ਇਸ ਦੌਰਾਨ ਸਾਈਕਲਿਸਟਾਂ ਵੱਲੋਂ ਹੁਸ਼ਿਆਰਪੁਰ ਤੋਂ ਟਾਂਡਾ-ਚੌਲਾਂਗ ਤੇ ਫਿਰ ਵਾਪਿਸ ਹੁਸ਼ਿਆਰਪੁਰ ਦੀ 100 ਕਿਲੋਮੀਟਰ ਦੀ ਦੂਰੀ ਤੈਅ ਕੀਤੀ ਗਈ ਅਤੇ ਪੂਰੇ ਰਸਤੇ ਵਿੱਚ ਟ੍ਰੈਫਿਕ ਵਿਵਸਥਾ ਤੇ ਸੁਰੱਖਿਆ ਦੇ ਪ੍ਰਬੰਧ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਕੀਤੇ ਗਏ ਸਨ। ਇਸ ਮੌਕੇ ਫਿੱਟ ਬਾਈਕਰ ਕਲੱਬ ਦੇ ਮੈਂਬਰਾਂ ਵੱਲੋਂ ਪ੍ਰਧਾਨ ਪਰਮਜੀਤ ਸੱਚਦੇਵਾ ਦੀ ਅਗਵਾਈ ਹੇਠ 1 ਲੱਖ 40 ਹਜਾਰ ਦੀ ਰਾਸ਼ੀ ਦਾ ਚੈੱਕ ਆਸ਼ਾ ਕਿਰਨ ਸਕੂਲ ਦੀ ਕਮੇਟੀ ਨੂੰ ਸੌਂਪਿਆ ਗਿਆ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਸਾਈਕਲੋਥਾਨ ਵਿੱਚ 7 ਸਾਲ ਦੇ ਬੱਚੇ ਅਤੇ 70 ਸਾਲ ਤੱਕ ਦੇ ਬਜ਼ੁਰਗਾਂ ਨੇ ਹਿੱਸਾ ਲਿਆ ਹੈ ਤੇ ਕਲੱਬ ਮੈਂਬਰਾਂ ਵੱਲੋਂ ਇਸ ਦੀ ਸਫਲਤਾ ਲਈ ਪੂਰੀ ਮੇਹਨਤ ਕੀਤੀ ਗਈ। ਇਸ ਸਮੇਂ ਉੱਤਮ ਸਿੰਘ ਸਾਬੀ, ਮੁਨੀਰ ਨਾਜਰ, ਸੰਜੀਵ ਸੋਹਲ, ਉਕਾਂਰ ਸਿੰਘ ਚੱਬੇਵਾਲ, ਅਮਰਿੰਦਰ ਸੈਣੀ, ਗੁਰਵਿੰਦਰ ਸਿੰਘ, ਤਰਲੋਚਨ ਸਿੰਘ, ਗੁਰਮੇਲ ਸਿੰਘ, ਉਕਾਂਰ ਸਿੰਘ, ਰੋਹਿਤ ਬੱਸੀ, ਸੌਰਵ ਸ਼ਰਮਾ, ਦੌਲਤ ਸਿੰਘ, ਸਾਗਰ ਸੈਣੀ ਆਦਿ ਵੀ ਹਾਜਰ ਸਨ।

# ਅੰਮ੍ਰਿਤਸਰ ਵਿੱਚ 27 ਅਪਰੈਲ ਨੂੰ ਹੋਣ ਵਾਲੀ ਗੇਅ ਪਰੇਡ ਰੱਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਸਿੱਖ ਜਥੇਬੰਦੀਆਂ ਸਮੇਤ ਹੋਰ ਜਥੇਬੰਦੀਆਂ ਦੇ ਸਖਤ ਵਿਰੋਧ ਤੋਂ ਬਾਅਦ ਅੰਮ੍ਰਿਤਸਰ ਵਿੱਚ 27 ਅਪਰੈਲ ਨੂੰ ਹੋਣ ਵਾਲਾ 'ਗੇਅ ਮੇਲਾ' ਜਿਸ ਨੂੰ ਅੰਮ੍ਰਿਤਸਰ ਪ੍ਰਾਈਡ ਪਰੇਡ-2025 ਦਾ ਨਾਂਅ ਦਿੱਤਾ ਗਿਆ ਸੀ, ਰੱਦ ਕਰ ਦਿੱਤਾ ਗਿਆ ਹੈ।

ਇਹ ਸਮਾਗਮ ਐੱਲਜੀਬੀਟੀਕਯੂ ਅਤੇ ਇਸੇ ਤਰ੍ਹਾਂ ਦੀਆਂ ਹੋਰ ਜਥੇਬੰਦੀਆਂ ਵੱਲੋਂ 27 ਅਪਰੈਲ ਨੂੰ ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਸਥਿਤ ਰੋਜ਼ ਗਾਰਡਨ ਵਿੱਚ ਕੀਤਾ ਜਾਣਾ ਸੀ। ਪਰ ਪਤਾ ਲੱਗਾ ਹੈ ਕਿ ਸਮਾਗਮ ਦੇ ਪ੍ਰਬੰਧਕਾਂ ਵੱਲੋਂ ਜਥੇਬੰਦੀ ਨਾਲ ਸਬੰਧਤ ਮੈਂਬਰਾਂ ਅਤੇ ਸਮਰਥਕਾਂ ਦੀ ਸੁਰੱਖਿਆ ਨੂੰ ਤਰਜੀਹ ਦਿੰਦੇ ਹੋਏ ਇਸ ਸਮਾਗਮ ਨੂੰ ਰੱਦ ਕਰਨ ਦਾ ਐਲਾਨ ਕੀਤਾ ਹੈ।

ਸੋਸ਼ਲ ਮੀਡੀਆ ਤੇ ਪ੍ਰਬੰਧਕਾਂ ਦਾ ਇੱਕ ਪੱਤਰ ਵਾਇਰਲ ਹੋਇਆ ਹੈ ਜਿਸ ਵਿੱਚ ਉਨ੍ਹਾਂ ਦਾਅਵਾ ਕੀਤਾ ਹੈ ਕਿ ਅੰਮ੍ਰਿਤਸਰ ਪ੍ਰਾਈਡ ਪਰੇਡ ਦੇ ਪ੍ਰਬੰਧਕਾਂ ਵੱਲੋਂ ਇਸ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ ਹੈ। ਪ੍ਰਬੰਧਕਾਂ 'ਚ ਸ਼ਾਮਲ ਰਿਦਮ ਚੱਢਾ ਅਤੇ ਰਮਿਤ ਸੇਠ ਨੇ ਕਿਹਾ ਕਿ ਐਲਜੀਬੀਟੀਕਯੂ ਤੇ ਹੋਰ ਭਾਈਚਾਰੇ ਦੇ ਮੈਂਬਰਾਂ ਅਤੇ ਸਮਰਥਕਾਂ ਦੀ ਸੁਰੱਖਿਆ ਉਨ੍ਹਾਂ ਦੀ ਪਹਿਲੀ ਤਰਜੀਹ ਹੈ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਇਸ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਲੰਘੇ ਦਿਨ ਇਸ ਸੰਬੰਧ ਵਿੱਚ ਇੱਕ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਸੀ, ਜਿਸ ਵਿੱਚ ਇਸ ਸਮਾਗਮ ਦੀ ਜਾਣਕਾਰੀ ਦਿੱਤੀ ਗਈ ਸੀ ਅਤੇ ਗੇਅ ਭਾਈਚਾਰੇ ਨਾਲ ਸਬੰਧਤ ਨੌਜਵਾਨ ਮੁੰਡੇ-ਕੁੜੀਆਂ ਨੱਚਦੇ ਦਿਖਾਏ ਗਏ ਸਨ, ਜਿਨ੍ਹਾਂ 'ਚ ਪਗੜੀਧਾਰੀ ਨੌਜਵਾਨ ਵੀ ਸ਼ਾਮਲ ਸਨ। ਇਹ ਮਾਮਲਾ ਸ਼ਨਿਚਰਵਾਰ ਨੂੰ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਵੀ ਧਿਆਨ ਵਿੱਚ ਲਿਆਂਦਾ ਗਿਆ ਸੀ ਅਤੇ ਉਨ੍ਹਾਂ ਨੇ ਇਸ ਨੂੰ ਗੈਰ-ਕੁਦਰਤੀ ਆਖਿਆ ਸੀ।

ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਸਿੱਖ ਜਥੇਬੰਦੀਆਂ ਵੱਲੋਂ ਇਸ ਦਾ ਸਖਤ ਵਿਰੋਧ ਕੀਤਾ ਗਿਆ। ਸਿੱਖ ਆਗੂ ਪਰਮਜੀਤ ਸਿੰਘ ਅਕਾਲੀ ਨੇ ਇਸੇ ਦੇ ਸਬੰਧ ਵਿੱਚ ਇੱਕ ਵੀਡੀਓ ਰਾਹੀਂ ਪ੍ਰਬੰਧਕਾਂ ਤੇ ਪ੍ਰਸ਼ਾਸਨ ਨੂੰ ਤਾੜਨਾ ਕੀਤੀ ਸੀ ਕਿ ਜੇਕਰ ਅੰਮ੍ਰਿਤਸਰ ਵਿੱਚ ਅਜਿਹਾ ਸਮਾਗਮ ਹੋਇਆ ਤਾਂ ਉਸ ਨੂੰ ਰੋਕਣ ਲਈ ਉਹ ਹਰ ਸੰਭਵ ਯਤਨ ਕਰਨਗੇ। ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਵੀ ਇਸ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਇਸ ਸਬੰਧ 'ਚ ਵਿਰੋਧ ਕਰਨ ਵਾਲਿਆਂ ਦੀਆਂ ਕਈ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਹਨ।

ਸਮਾਗਮ ਬਾਰੇ ਕੋਈ ਜਾਣਕਾਰੀ: ਡੀਸੀ

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਇਸ ਸਮਾਗਮ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਸਮਾਗਮ ਵਾਸਤੇ ਜਨਤਕ ਸਥਾਨ ਦੀ ਵਰਤੋ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਕੋਲੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ ਪਰ ਹੁਣ ਤੱਕ ਕਿਸੇ ਵੀ ਪ੍ਰਬੰਧਕ ਵੱਲੋਂ ਇਸ ਸਬੰਧੀ ਪ੍ਰਵਾਨਗੀ ਲੈਣ ਲਈ ਪ੍ਰਸ਼ਾਸਨ ਨਾਲ ਸੰਪਰਕ ਨਹੀਂ ਕੀਤਾ ਗਿਆ।

# 27 ਅਪ੍ਰੈਲ ਨੂੰ ਸਿੱਖ ਕੌਮ ਦੇ ਮਹਾਨ ਜਰਨੈਲ ਜਨਰਲ ਹਰਬਕਸ਼ ਸਿੰਘ ਦੀ ਯਾਦ ਵਿੱਚ ਮਨਾਇਆ ਜਾਵੇਗਾ ਵਾਤਾਵਰਨ ਦਿਵਸ : ਸੋਨੂ ਜੰਡਿਆਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com



ਅੰਮ੍ਰਿਤਸਰ ( ਸਵਿੰਦਰ ਸਿੰਘ/ਬੇਅੰਤ ਸਿੰਘ ਰੋਹਟੀ ਖਾਸ) ਵਾਤਾਵਰਨ ਦਿਵਸ 27 ਅਪ੍ਰੈਲ ਨੂੰ ਰਣਜੀਤ ਐਵਨਿਊ ਰੋਜ਼ ਗਾਰਡਨ ਵਿਖ਼ੇ ਸਿੱਖ ਕੌਮ ਦੇ ਮਹਾਨ ਜਰਨੈਲ ਜਨਰਲ ਹਰਬਖਸ਼ ਸਿੰਘ ਦੀ ਯਾਦ ਵਿੱਚ ਵਾਤਾਵਰਨ ਦਿਵਸ ਦੇ ਤੋਰ ਤੇ ਮਨਾਇਆ ਜਾ ਰਿਹਾ ਹੈ ਇਸ ਦਾ ਪ੍ਰਗਟਾਵਾ ਸਿੱਖ ਆਗੂ ਤੇ ਸਮਾਜ ਸੇਵੀ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਇੱਕ ਪ੍ਰੈਸ ਬਿਆਨ ਰਾਹੀ ਕੀਤਾ ਉਹਨਾਂ ਨੇ ਦੱਸਿਆਂ ਕਿ ਇਸ ਦਿਨ ਆਪਣੇ ਦੇਸ਼ ਦੇ ਲਈ ਸ਼ਹੀਦ ਹੋਣ ਵਾਲੇ ਯੋਧੇ ਜਰਨੈਲਾਂ ਦੇ ਨਾਮ ਤੇ ਵੱਧ ਤੋਂ ਵੱਧ ਰੁੱਖ ਲਗਾਏ ਜਾਣਗੇ ਤੇ ਲੋਕਾਂ ਨੂੰ ਵਾਤਾਵਰਨ ਬਚਾਉਣ ਦੇ ਲਈ ਜਾਗਰੂਕ ਕੀਤਾ ਜਾਵੇਗਾ! ਇਸ ਵਾਤਾਵਰਨ ਦਿਵਸ ਦੇ ਮੌਕੇ ਸਮਾਜ ਸੇਵੀ ਜਥੇਬੰਦੀਆਂ ਤੇ ਐਨਜੀਓ ਨੂੰ ਵੀ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ ਜੋ ਸਮਾਜ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਾ ਚਾਹੁੰਦੇ ਨੇ ਤੇ ਇਸ ਕੰਮ ਵਿੱਚ ਉਹਨਾਂ ਦਾ ਅਹਿਮ ਯੋਗਦਾਨ ਪਾਉਣ ਦੇ ਲਈ ਆਰਮੀ ਦੇ ਸਾਬਕਾ ਫੌਜੀ ਵੀ ਉਹਨਾਂ ਦਾ ਸਾਥ ਦੇਣ ਦੇ ਲਈ ਵਿਸ਼ੇਸ਼ ਤੌਰ ਤੇ ਪਹੁੰਚਣਗੇ !

ਇਸ ਮੌਕੇ ਤੇ ਪ੍ਰਧਾਨ ਦਿਲਬਾਗ ਸਿੰਘ,ਸਾਬਕਾ ਸੈਨਿਕ ਸਿਮਰਦੀਪ ਸਿੰਘ, ਜੋਬਨਜੀਤ ਸਿੰਘ, ਰਣਜੀਤ ਸਿੰਘ, ਐਚ ਐਸ ਵਿਰਕ, ਹਰ ਗੁਰਵੰਤ ਸਿੰਘ ਹੁੰਦਲ, ਅਵਤਾਰ ਸਿੰਘ, ਨਨਜੀਤ ਸਿੰਘ, ਖੇੜਾ ਸਿੰਘ, ਜਸਵੰਤ ਸਿੰਘ, ਤਰਸੇਮ ਸਿੰਘ, ਰਸਪਾਲ ਸਿੰਘ, ਪ੍ਰਧਾਨ ਕਰਨ ਪਾਲ ਸਿੰਘ ਕਰਨ, ਰਵੀ ਮਿਸ਼ਰਾ ਆਦਿ ਮਾਜੂਦ ਸਨ!

# ਮੁਲਾਜ਼ਮਾਂ ਵੱਲੋਂ 10 ਅਪ੍ਰੈਲ ਦੀ ਜਲੰਧਰ ਰੈਲੀ ਦੀਆਂ ਤਿਆਰੀਆਂ ਮੁਕੰਮਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com



ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ , ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਸੂਬਾ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਅਤੇ ਮੁਲਾਜ਼ਮ ਮੰਗਾਂ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਵੀ ਤੇਜ਼ ਕਰਦਿਆਂ ਪ.ਸ.ਸ.ਫ. ਵਲੋਂ ਮਿਤੀ 10 ਅਪ੍ਰੈਲ ਨੂੰ ਜਲੰਧਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਸੂਬਾਈ ਰੈਲੀ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਹਨਾਂ ਕਿਹਾ ਕਿ ਇਸ ਰੈਲੀ ਸਬੰਧੀ ਜ਼ਿਲਿਆਂ ਤੋਂ ਪ੍ਰਾਪਤ ਕੀਤੀਆਂ ਰਿਪੋਰਟਾਂ ਅਨੁਸਾਰ ਜ਼ਿਲ੍ਹਾ ਆਗੂਆਂ ਅਤੇ ਵੱਖ-ਵੱਖ ਜੱਥੇਬੰਦੀਆਂ ਦੇ ਆਗੂਆਂ ਵਲੋਂ ਆਪਣੀਆਂ ਮੀਟਿੰਗਾਂ ਕਰਕੇ ਰੈਲੀ ਵਿੱਚ ਭਰਵੀਂ ਅਮੂਲੀਅਤ ਕਰਵਾਉਣ ਲਈ ਪ੍ਰੋਗਰਾਮ ਬਣਾ ਲਏ ਗਏ ਹਨ।

ਇਸ ਰੈਲੀ ਨੂੰ ਸੰਬੋਧਨ ਕਰਨ ਲਈ ਮੁਲਾਜ਼ਮਾਂ ਦੀ ਕੌਮੀਂ ਜੱਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀਂ ਵਿੱਤ ਸਕੱਤਰ ਸਾਥੀ ਸ਼ਸ਼ੀ ਕਾਂਤ ਬਿਹਾਰ ਤੋਂ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ। ਜੱਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਹਰਮਨਪ੍ਰੀਤ ਕੌਰ ਗਿੱਲ , ਮੱਖਣ ਸਿੰਘ ਵਾਹਿਦਪੁਰੀ , ਸੁਖਵਿੰਦਰ ਸਿੰਘ ਚਾਹਲ, ਕਰਮਜੀਤ ਸਿੰਘ ਬੀਹਲਾ ਨੇ ਦੱਸਿਆ ਕਿ ਇਸ ਰੈਲੀ ਦੀ ਸਫਲਤਾ ਲਈ ਆਗੂਆਂ ਵਲੋਂ ਹਰ ਮੁਲਾਜ਼ਮ ਤੱਕ ਪਹੁੰਚ ਕੀਤੀ ਜਾ ਰਹੀ ਹੈ ਅਤੇ ਮੁਲਾਜ਼ਮ ਵਰਗ ਅੰਦਰ ਵੀ ਇਸ ਰੈਲੀ ਪ੍ਰਤੀ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਸਮੁੱਚਾ ਮੁਲਾਜ਼ਮ ਵਰਗ ਮੌਜੂਦਾ ਭਗਵੰਤ ਮਾਨ ਸਰਕਾਰ ਵਲੋਂ ਮੁਲਾਜ਼ਮ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਵਿਰੋਧ ਦੀ ਨੀਤੀ ਕਾਰਣ ਗੁੱਸੇ ਵਿੱਚ ਹੈ ਅਤੇ ਸਰਕਾਰ ਨੂੰ ਸਬਕ ਸਿਖਾਉਣ ਦੇ ਰੌਅ ਵਿੱਚ ਹੈ।

ਜੱਥੇਬੰਦੀ ਦੇ ਸੂਬਾ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਵਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਰੈਲੀ ਸਮੂਹ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਪੁਨਰਗਠਨ ਦੇ ਨਾਮ ਹੇਠ ਖਤਮ ਕੀਤੀਆਂ ਹਜ਼ਾਰਾਂ ਅਸਾਮੀਆਂ ਰੈਗੂਲਰ ਦੇ ਆਧਾਰ ਤੇ ਭਰਨ, ਆਂਗਣਵਾੜੀ ਵਰਕਰਾਂ/ ਹੈਲਪਰਾਂ, ਮਿਡ ਡੇ ਮੀਲ, ਆਸ਼ਾ ਵਰਕਰਾਂ/ ਫੈਸਿਲੀਟੇਟਰਾਂ ਦੇ ਹੋ ਰਹੇ ਸ਼ੋਸ਼ਣ ਨੂੰ ਬੰਦ ਕਰਦਿਆਂ ਮਾਣ ਭੱਤਾ/ ਇੰਨਸੈਨਟਿਵ ਦੀ ਥਾਂ ਸਰਕਾਰੀ ਮੁਲਾਜ਼ਮ ਮੰਨਦਿਆਂ ਬਦੀ ਮੁੱਢਲੀ ਤਨਖਾਹ ਲਾਗੂ ਕਰਵਾਉਣ, 1-1-2004 ਤੋਂ ਤੋਂ ਬਾਅਦ ਨਿਯੁਕਤ ਸਰਕਾਰੀ ਮੁਲਾਜ਼ਮਾਂ ਤੇ ਕੰਟਰੀਬਿਊਟਰੀ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਪੂਰਣ ਤੌਰ ਤੇ ਲਾਗੂ ਕਰਵਾਉਣ, ਰਹਿੰਦੇ ਬੋਰਡਾਂ, ਕਾਰਪੋਰੇਸ਼ਨਾਂ ਅਤੇ ਸਹਿਕਾਰੀ ਅਦਾਰਿਆਂ ਦੇ ਮੁਲਾਜ਼ਮਾਂ ਤੇ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ ਅਤੇ ਪੰਜਾਬ ਜਲ ਸਰੋਤ ਪ੍ਰਬੰਧਨ ਵਿਕਾਸ ਨਿਗਮ ਦੇ ਮੁਲਾਜ਼ਮਾਂ ਤੇ ਪੈਨਸ਼ਨ ਸਬੰਧੀ ਕੈਬਨਿਟ ਦਾ ਫੈਸਲਾ ਲਾਗੂ ਕਰਵਾਉਣ, ਮਹਿਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਕਰਵਾਉਣ, 6ਵੇਂ ਤਨਖਾਹ ਕਮਿਸ਼ਨ ਦੇ ਰਹਿੰਦੇ ਹਿੱਸੇ ਦੀ ਰਿਪੋਰਟ ਜਾਰੀ ਕਰਕੇ ਏ.ਸੀ.ਪੀ. ਸਕੀਮ ਲਾਗੂ ਕਰਵਾਉਣ, ਪਰਖ ਅਧੀਨ ਸਮਾਂ ਇਕ ਸਾਲ ਦਾ ਕੀਤਾ ਜਾਵੇ ਅਤੇ ਇਸ ਸਮੇਂ ਦੌਰਾਨ ਪੂਰੀ ਤਨਖਾਹ ਲਾਗੂ ਕਰਵਾਉਣ, ਕੌਮੀਂ ਸਿੱਖਿਆ ਨੀਤੀ 2020 ਵਾਪਸ ਕਰਵਾਉਣ, ਪੇਂਡੂ ਭੱਤੇ ਸਮੇਤ ਬੰਦ ਕੀਤੇ ਸਮੁੱਚੇ ਭੱਤੇ ਮੁੜ ਚਾਲੂ ਕਰਵਾਉਣ, ਕੇਂਦਰੀ ਤਨਖਾਹ ਸਕੇਲਾਂ ਦੀ ਥਾਂ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਵਾਉਣ ਆਦਿ ਮੰਗਾਂ ਨੂੰ ਹੱਲ ਕਰਵਾਉਣ ਲਈ ਕੀਤੀ ਜਾ ਰਹੀ ਹੈ।

ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਅਨਿਲ ਕੁਮਾਰ, ਗੁਰਪ੍ਰੀਤ ਸਿੰਘ ਹੀਰ, ਗੁਰਦੇਵ ਸਿੰਘ ਸਿੱਧੂ, ਬੀਰਇੰਦਰਜੀਤ ਪੁਰੀ, ਕਿਸ਼ੋਰ ਚੰਦ ਗਾਜ, ਸੁਭਾਸ਼ ਚੰਦਰ, ਬੋਬਿੰਦਰ ਸਿੰਘ, ਨਿਰਮੋਲਕ ਸਿੰਘ ਹੀਰਾ, ਮਨੋਹਰ ਲਾਲ ਸ਼ਰਮਾ, ਪੁਸ਼ਪਿੰਦਰ ਪਿੰਕੀ, ਮਾਲਵਿੰਦਰ ਸਿੰਘ, ਰਜਿੰਦਰ ਰਿਆੜ, ਬਲਜਿੰਦਰ ਸਿੰਘ, ਪ੍ਰੇਮ ਸਿੰਘ, ਸਰਬਜੀਤ ਪੱਟੀ, ਗੁਰਬਿੰਦਰ ਸਿੰਘ, ਸਤਨਾਮ ਸਿੰਘ, ਜਤਿੰਦਰ ਕੁਮਾਰ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਕੁਲਦੀਪ ਕੌੜਾ, ਅਮਰੀਕ ਸਿੰਘ, ਕੁਲਦੀਪ ਪੁਰੇਵਾਲ, ਰਾਣੋ ਖੇੜੀ ਗਿੱਲਾਂ, ਕਮਲਜੀਤ ਕੌਰ, ਬਿਮਲਾ ਰਾਣੀ, ਸ਼ਰਮੀਲਾ ਦੇਵੀ, ਸਿਮਰਜੀਤ ਸਿੰਘ ਬਰਾੜ, ਤਰਸੇਮ ਮਾਧੋਪੁਰੀ, ਜਤਿੰਦਰ ਸਿੰਘ ਔਲਖ, ਮੋਹਣ ਸਿੰਘ ਪੂਨੀਆ, ਗੁਰਪ੍ਰੀਤ ਸਿੰਘ ਰੰਗੀਲਪੁਰ, ਜੱਗਾ ਸਿੰਘ ਅਲੀਸ਼ੇਰ, ਸੁਖਵਿੰਦਰ ਕੌਰ, ਪੂਰਣ ਸਿੰਘ ਸੰਧੂ, ਰਜੇਸ਼ ਕੁਮਾਰ ਅਮਲੋਹ, ਗੁਰਪ੍ਰੀਤ ਸਿੰਘ ਅੰਮੀਵਾਲ, ਸਵਿੰਦਰ ਭੱਟੀ, ਰਵੀ ਦੱਤ ਸ਼ਰਮਾ, ਕਰਮਾਪੁਰੀ, ਨਿਰਭੈ ਸਿੰਘ ਸ਼ੰਕਰ, ਦਰਸ਼ਣ ਚੀਮਾ, ਜਸਵਿੰਦਰਪਾਲ ਕਾਂਗੜ ਆਦਿ ਆਗੂ ਵੀ ਹਾਜਰ ਸਨ।

# ਹਿਮਾਚਲ ਪ੍ਰਦੇਸ਼ ਦੀਆਂ ਬੱਸਾਂ ਦੀ ਭੰਨਤੋੜ ਮਾਮਲੇ 'ਚ ਇੱਕ ਕਾਬੂ

## ਅੰਮ੍ਰਿਤਸਰ ਬੱਸ ਅੱਡੇ 'ਤੇ ਹੋਈ ਸੀ ਬੱਸਾਂ ਦੀ ਭੰਨਤੋੜ ਦੀ ਵਾਰਦਾਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ ਬੱਸ ਅੱਡੇ 'ਤੇ ਖੜ੍ਹੀਆਂ ਹਿਮਾਚਲ ਪ੍ਰਦੇਸ਼ ਦੀਆਂ ਬੱਸਾਂ ਦੇ ਸ਼ੀਸ਼ੇ ਤੋੜਨ ਅਤੇ ਖਾਲਿਸਤਾਨੀ ਨਾਅਰੇ ਲਿਖਣ ਦੇ ਮਾਮਲੇ ਵਿੱਚ ਪੁਲੀਸ ਨੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਘਟਨਾ 22 ਮਾਰਚ ਨੂੰ ਵਾਪਰੀ ਸੀ, ਜਿਸ ਸਬੰਧੀ ਪੁਲੀਸ ਵੱਲੋਂ ਕੇਸ ਦਰਜ ਕੀਤਾ ਸੀ। ਮਾਮਲੇ ਦੇ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀ ਦੀ ਸ਼ਨਾਖਤ ਜਸਪ੍ਰੀਤ ਸਿੰਘ ਉਰਫ ਜੱਸਾ ਵਾਸੀ ਪਿੰਡ ਮਾਨੋਚਾਹਲ ਕਲਾਂ ਜ਼ਿਲਾ ਤਰਨ ਤਾਰਨ ਵਜੋਂ ਹੋਈ ਹੈ। ਦੱਸਣਯੋਗ ਹੈ ਕਿ ਭੰਨਤੋੜ ਦੀਆਂ ਇਹ ਘਟਨਾਵਾਂ ਹਿਮਾਚਲ ਪ੍ਰਦੇਸ਼ ਵਿੱਚ ਪੰਜਾਬੀ ਅਤੇ ਖਾਸ ਕਰਕੇ ਸਿੱਖ ਨੌਜਵਾਨਾਂ ਨਾਲ ਕੀਤੀ ਗਈ ਬਦਸਲੂਕੀ ਦੇ ਸਿੱਟੇ ਵਜੋਂ ਵਾਪਰੀਆਂ ਸਨ।

ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲੀਸ ਨੇ ਲਗਾਤਾਰ ਜਾਂਚ ਕਰਦਿਆਂ ਇੱਕ ਵਿਅਕਤੀ ਨੂੰ ਕਾਬੂ ਕਰਕੇ ਮਾਮਲਾ ਹੱਲ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਇਸ ਵਿਅਕਤੀ ਨੂੰ ਗ੍ਰਿਫਤਾਰ ਕਰਨ ਮਗਰੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਦੋ ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਹੈ। ਜਾਂਚ ਦੌਰਾਨ ਉਕਤ ਵਿਅਕਤੀ ਕੋਲੋਂ ਬਾਰੀਕੀ ਨਾਲ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਇਸ ਸੰਬੰਧ ਵਿੱਚ ਹਿਮਾਚਲ ਪ੍ਰਦੇਸ਼ ਵਾਸੀ ਸੁਰੇਸ਼ ਕੁਮਾਰ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ ਸੀ, ਜਿਸ ਨੇ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਹਿਮਾਚਲ ਰੋਡਵੇਜ਼ ਦੀਆਂ ਬੱਸਾਂ ਦੇ ਸ਼ੀਸ਼ੇ ਤੋੜ ਦਿੱਤੇ ਗਏ ਹਨ ਤੇ ਬੱਸਾਂ ਦੇ ਉੱਪਰ ਖਾਲਿਸਤਾਨ ਦੇ ਨਾਅਰੇ ਲਿਖੇ ਗਏ ਹਨ। ਉਸ ਨੇ ਦੱਸਿਆ ਸੀ ਕਿ ਹਿਮਾਚਲ ਰੋਡਵੇਜ਼ ਨਾਲ ਸਬੰਧਤ ਲਗਪਗ ਪੰਜ ਬੱਸਾਂ ਰਾਤ ਨੂੰ ਬੱਸ ਅੱਡੇ ਵਿਖੇ ਖੜ੍ਹੀਆਂ ਕੀਤੀਆਂ ਗਈਆਂ ਸਨ ਅਤੇ ਅਗਲੇ ਦਿਨ ਜਦੋਂ ਉਹ ਸਵੇਰੇ ਬੱਸ ਅੱਡੇ ਪੁੱਜੇ ਤਾਂ ਬੱਸਾਂ ਦੇ ਸ਼ੀਸ਼ੇ ਟੁੱਟੇ ਹੋਏ ਸਨ ਅਤੇ ਬੱਸਾਂ 'ਤੇ ਖਾਲਿਸਤਾਨ ਲਿਖਿਆ ਹੋਇਆ ਸੀ।

# 'ਸਿੱਖਿਆ ਕ੍ਰਾਂਤੀ': ਪੰਜਾਬ ਦੇ 12 ਹਜ਼ਾਰ ਸਰਕਾਰੀ ਸਕੂਲਾਂ ਵਿੱਚ 2,000 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਬੁਨਿਆਦੀ ਢਾਂਚਾ ਪ੍ਰਾਜੈਕਟ ਕੀਤੇ ਜਾਣਗੇ ਲੋਕਾਂ ਨੂੰ ਸਮਰਪਿਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ 7 ਅਪ੍ਰੈਲ ਤੋਂ ਸ਼ੁਰੂ ਹੋਣ ਵਾਲਾ 54 ਦਿਨਾਂ ਦਾ ਸਿੱਖਿਆ ਦਾ ਤਿਉਹਾਰ 'ਸਿੱਖਿਆ ਕ੍ਰਾਂਤੀ' ਦੇ ਆਗਾਜ਼ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਤਹਿਤ ਸੂਬੇ ਭਰ ਦੇ 12,000 ਸਰਕਾਰੀ ਸਕੂਲਾਂ ਵਿੱਚ 2,000 ਕਰੋੜ ਰੁਪਏ ਦੀ ਲਾਗਤ ਵਾਲੇ ਨਵੇਂ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਜਾਵੇਗਾ।

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਸ ਪਹਿਲਕਦਮੀ ਦਾ ਐਲਾਨ ਕੀਤਾ, ਜਿਸ ਵਿੱਚ ਉਨ੍ਹਾਂ ਨੇ ਸੂਬਾ ਸਰਕਾਰ ਦੀ ਬਰਾਬਰੀ ਅਤੇ ਆਧੁਨਿਕ ਸਿੱਖਿਆ ਪ੍ਰਣਾਲੀ ਵਾਲਾ ਵਾਤਾਵਰਣ ਸਿਰਜਣ ਪ੍ਰਤੀ ਵਚਨਬੱਧਤਾ 'ਤੇ ਜ਼ੋਰ ਦਿੱਤਾ ਤਾਂ ਜੋ ਵਿਦਿਆਰਥੀਆਂ ਨੂੰ ਮੌਜੂਦਾ ਸਮੇਂ ਦੇ ਹਾਣੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਵਿਆਪਕ ਬੁਨਿਆਦੀ ਢਾਂਚਾ ਵਿਕਾਸ ਪ੍ਰੋਗਰਾਮ ਆਧੁਨਿਕ ਸਿੱਖਿਆ ਸਹੂਲਤਾਂ ਨਾਲ ਲੈਸ ਕਰਨ ਦੇ ਉਦੇਸ਼ ਨਾਲ ਸਰਕਾਰੀ ਸਕੂਲਾਂ ਵਿੱਚ ਨਵੇਂ ਕਮਰਿਆਂ ਦੀ ਉਸਾਰੀ ਅਤੇ ਨਵੀਆਂ ਵਿੱਦਿਅਕ ਤਕਨੀਕਾਂ 'ਤੇ ਕੇਂਦਰਿਤ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਪਹਿਲ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸੂਬੇ ਦੇ ਸਾਰੇ ਬੱਚਿਆਂ ਲਈ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੇ ਹੁਕਮਾਂ ਮੁਤਾਬਕ ਸਰਕਾਰੀ ਸਕੂਲਾਂ ਨੂੰ ਸਾਰੀਆਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਸਾਫ਼ ਪੀਣ ਵਾਲਾ ਪਾਣੀ, ਹਾਈ-ਸਪੀਡ ਵਾਈਫਾਈ ਕੁਨੈਕਸ਼ਨ, ਲੜਕੀਆਂ ਅਤੇ ਲੜਕਿਆਂ ਲਈ ਵੱਖਰੇ ਪਖਾਨੇ, ਡੈਸਕ ਤੇ ਕੁਰਸੀਆਂ ਅਤੇ ਚਾਰਦੀਵਾਰੀ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿੱਥੇ ਸਕੂਲਾਂ ਵਿੱਚ ਕੈਂਪਸ ਮੈਨੇਜਰ ਅਤੇ ਸੁਰੱਖਿਆ ਗਾਰਡ ਨਿਯੁਕਤ ਕੀਤੇ ਗਏ ਹਨ ਅਤੇ ਵਿਦਿਆਰਥੀਆਂ ਲਈ ਬੱਸ ਸੇਵਾ ਸ਼ੁਰੂ ਕੀਤੀ ਗਈ ਹੈ। ਦੱਸਣਯੋਗ ਹੈ ਕਿ ਮੌਜੂਦਾ ਸਮੇਂ 10,000 ਤੋਂ ਵੱਧ ਵਿਦਿਆਰਥੀ ਇਸ ਸਹੂਲਤ ਦਾ ਲਾਭ ਉਠਾ ਰਹੇ ਹਨ। ਸਿੱਖਿਆ ਮੰਤਰੀ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਰੱਖ-ਰਖਾਵ 'ਤੇ ਸਾਲਾਨਾ 200 ਕਰੋੜ ਰੁਪਏ ਤੋਂ ਵੱਧ ਖਰਚਾ ਕੀਤਾ ਜਾਂਦਾ ਹੈ।

ਸ. ਬੈਂਸ ਨੇ ਕਿਹਾ ਕਿ "ਸਿੱਖਿਆ ਕ੍ਰਾਂਤੀ" ਦੇ ਪਹਿਲੇ ਦਿਨ, ਕੈਬਨਿਟ ਮੰਤਰੀਆਂ ਅਤੇ ਹੋਰ ਪਤਵੰਤਿਆਂ ਵੱਲੋਂ 350 ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਜਾਵੇਗਾ। ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ "ਆਪ" ਪੰਜਾਬ ਦੇ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਕੂਲ ਆਫ਼ ਐਮੀਨੈਂਸ ਦਾ ਉਦਘਾਟਨ ਕਰਨਗੇ।

ਪੰਜਾਬ ਦੇ ਵਸਨੀਕਾਂ ਨੂੰ "ਸਿੱਖਿਆ ਕ੍ਰਾਂਤੀ" ਦਾ ਗਵਾਹ ਬਣਨ ਦਾ ਸੱਦਾ ਦਿੰਦਿਆਂ ਸ. ਬੈਂਸ ਨੇ ਕਿਹਾ ਕਿ ਸੂਬਾ ਵਾਸੀਆਂ ਨੂੰ ਸਿੱਖਿਆ ਦੇ ਇਸ ਤਿਉਹਾਰ ਦਾ ਹਿੱਸਾ ਬਣਨ ਲਈ ਆਪਣੇ ਨੇੜਲੇ ਸਕੂਲਾਂ ਦਾ ਦੌਰਾ ਕਰਨਾ ਚਾਹੀਦਾ ਹੈ।

ਇਸ ਵਿਸ਼ੇਸ਼ ਪ੍ਰੋਗਰਾਮ ਦੇ ਮਹੱਤਵਪੂਰਨ ਪਹਿਲੂਆਂ ਨੂੰ ਉਜਾਗਰ ਕਰਦਿਆਂ ਸ. ਬੈਂਸ ਨੇ ਕਿਹਾ ਕਿ 6,812 ਸਕੂਲਾਂ ਵਿੱਚ ਹੁਣ ਨਵੀਆਂ ਚਾਰਦੀਵਾਰੀਆਂ ਦੀ ਉਸਾਰੀ ਕੀਤੀ ਗਈ ਹੈ ਜਾਂ ਮੁਰੰਮਤ ਕੀਤੀ ਗਈ, ਜਿਸ ਨਾਲ ਲਗਭਗ 1,000 ਕਿਲੋਮੀਟਰ ਦਾ ਕਵਰ ਖੇਤਰ ਸੁਕਲਾਂ ਦੀ ਸੁਰੱਖਿਆ ਯਕੀਨੀ ਬਣਾਉਂਦਾ ਹਨ। ਕਲਾਸਰੂਮ ਸਹੂਲਤਾਂ ਵਿੱਚ ਵਾਧਾ ਕਰਦਿਆਂ 5,399 ਨਵੇਂ ਕਲਾਸਰੂਮ ਬਣਾਏ ਗਏ ਹਨ। ਇਸ ਤੋਂ ਇਲਾਵਾ 2,934 ਸਕੂਲਾਂ ਵਿੱਚ 2,976 ਪਖਾਨੇ ਬਣਾਏ ਗਏ ਹਨ, ਜਦੋਂ ਕਿ 4,889 ਸਕੂਲਾਂ ਵਿੱਚ 7,166 ਪਖਾਨਿਆਂ ਦੀ ਮੁਰੰਮਤ ਕੀਤੀ ਗਈ ਹੈ। ਵਿਦਿਆਰਥੀਆਂ ਦੀਆਂ ਸਿੱਖਣ ਪ੍ਰਕਿਰਿਆ ਸਬੰਧੀ ਜ਼ਰੂਰਤਾਂ ਪੂਰੀਆਂ ਕਰਨ ਦੇ ਉਦੇਸ਼ ਨਾਲ 1,16,901 ਡਬਲ ਡੈਸਕ, ਮੇਜ਼ ਅਤੇ ਕੁਰਸੀਆਂ ਮੁਹੱਈਆ ਕਰਵਾਈਆਂ ਗਈਆਂ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਵਿਦਿਆਰਥੀ ਕੋਲ ਸਕੂਲ ਵਿੱਚ ਬੈਠਣ ਲਈ ਇੱਕ ਨਿਰਧਾਰਤ ਜਗ੍ਹਾ ਹੋਵੇ। ਇਸ ਤੋਂ ਇਲਾਵਾ ਸਰੀਰਕ ਗਤੀਵਿਧੀ ਨੂੰ ਉਤਸ਼ਾਹਿਤ ਕਰਨ ਲਈ 359 ਖੇਡ ਦੇ ਮੈਦਾਨ ਤਿਆਰ ਕੀਤੇ ਗਏ ਹਨ। 1,886 ਸਕੂਲਾਂ ਵਿੱਚ 2,261 ਸਮਾਰਟ ਕਲਾਸਰੂਮ ਸਮਾਰਟ ਇੰਟਰਐਕਟਿਵ ਪੈਨਲਾਂ ਨਾਲ ਲੈਸ ਕੀਤੇ ਗਏ ਹਨ, ਜੋ ਕਿ ਵਧੇਰੇ ਦਿਲਚਸਪ ਸਿੱਖਣ ਦੇ ਅਨੁਭਵ ਲਈ ਸਿੱਖਿਆ ਨੂੰ ਤਕਨਾਲੋਜੀ ਨਾਲ



ਜੋੜਦੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਪਹਿਲੇ ਪੜਾਅ ਵਿੱਚ 118 ਮੌਜੂਦਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਕੂਲ ਆਫ਼ ਐਮੀਨੈਂਸ ਵਿੱਚ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਦੋਂ ਕਿ 14 ਸਕੂਲ ਆਫ਼ ਐਮੀਨੈਂਸ ਸਕੂਲ ਪਹਿਲਾਂ ਹੀ ਲੋਕ ਅਰਪਣ ਕੀਤੇ ਜਾ ਚੁੱਕੇ ਹਨ। ਇਹ ਸਕੂਲ ਉੱਤਮਤਾ ਦੇ ਕੇਂਦਰ ਹੋਣਗੇ, ਜੋ ਸੰਸਥਾਵਾਂ ਵਿੱਚ ਪੀਅਰ ਲਰਨਿੰਗ ਨੂੰ ਸਮਰੱਥ ਬਣਾਉਣ ਲਈ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੋਣਗੇ ਅਤੇ ਸਕੂਲ ਸਿੱਖਿਆ ਪ੍ਰਣਾਲੀ ਵਿੱਚ ਸਮਕਾਲੀ ਸਿੱਖਣ ਦੇ ਨਵੇਂ ਅਭਿਆਸਾਂ ਰਾਹੀਂ ਸਾਡੇ ਬੱਚਿਆਂ ਦੇ ਸਿੱਖਣ ਸਬੰਧੀ ਤਜ਼ਰਬਿਆਂ ਵਿੱਚ ਵਾਧਾ ਕਰਨਗੇ। ਸਕੂਲ ਆਫ਼ ਐਮੀਨੈਂਸ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਤਿਆਰ ਕੀਤੇ ਜਾ ਰਹੇ ਹਨ। ਇਨ੍ਹਾਂ ਸਕੂਲਾਂ ਵਿੱਚ ਸਾਰੇ ਵਿਦਿਅਕ ਵਿਸ਼ਿਆਂ ਸਬੰਧੀ ਸਿੱਖਿਆ ਦੇਣੀ ਸ਼ੁਰੂ ਕੀਤੀ ਗਈ ਹੈ। ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਹਥਿਆਰਬੰਦ ਬਲਾਂ ਵਿੱਚ ਨੌਕਰੀ ਲਈ ਤਿਆਰੀ, ਨੀਟ, ਜੇ.ਈ.ਈ., ਸੀ.ਐਲ.ਏ.ਟੀ., ਐਨ.ਆਈ.ਐਫ.ਟੀ. ਆਦਿ ਵਰਗੀਆਂ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਆਨਲਾਈਨ/ਆਫਲਾਈਨ ਕੋਚਿੰਗ ਵੀ ਪ੍ਰਦਾਨ ਕੀਤੀ ਜਾ ਰਹੀ ਹੈ।

# ਹਸਪਤਾਲ ਦੇ ਕਰਮਚਾਰੀਆਂ ਦੀ ਬਦਲੀ ਦਾ ਵਿਰੋਧ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਪਟਿਆਲਾ: ਫੇਰਥ ਕਲਾਸ ਮੁਲਾਜ਼ਮ ਯੂਨੀਅਨ ਦੀ ਰਜਿੰਦਰਾ ਹਸਪਤਾਲ ਇਕਾਈ ਦੀ ਹੰਗਾਮੀ ਮੀਟਿੰਗ ਹੋਈ। ਇਸ ਦੌਰਾਨ ਚੌਥਾ ਦਰਜਾ ਕਰਮਚਾਰੀਆਂ ਦੀਆਂ ਕੀਤੀਆ ਜਾ ਰਹੀਆਂ ਬਦਲੀਆਂ ਦਾ ਨੋਟਿਸ ਲੈਂਦਿਆਂ ਅਜਿਹੀ ਪ੍ਰਕਿਰਿਆ ਬੰਦ ਕਰਨ 'ਤੇ ਜ਼ੋਰ ਦਿਤਾ। ਬੁਲਾਰਿਆਂ ਨੇ ਕਿਹਾ ਕਿ ਜੇਕਰ ਇਹ ਬਦਲੀਆਂ ਰੱਦ ਨਾ ਕੀਤੀਆਂ ਗਈਆਂ ਤਾਂ ਮੁਲਾਜ਼ਮ ਜਥੇਬੰਦੀ ਮਜਬੂਰ ਹੋ ਕੇ ਸੰਘਰਸ਼ ਦਾ ਰਹਿ ਅਖਤਿਆਰ ਕਰੇਗੀ। ਮੀਟਿੰਗ ਵਿੱਚ ਪ੍ਰਧਾਨ ਰਾਜੇਸ਼ ਕੁਮਾਰ ਗੋਲੂ, ਚੇਅਰਮੈਨ ਰਾਮ ਕ੍ਰਿਸ਼ਨ, ਮੀਤ ਪ੍ਰਧਾਨ ਅਜੇ ਕੁਮਾਰ ਸੀਪਾ, ਸ਼ੰਕਰ, ਸਤਨਾਮ ਸਿੰਘ ਘੁੰਮਣ, ਸਕੱਤਰ ਮਹਿੰਦਰ ਸਿੰਘ ਸਿੱਧੂ, ਕੈਸ਼ੀਅਰ ਪ੍ਰੇਮੀ ਅਨਿਲ ਕੁਮਾਰ, ਗੀਤਾ ਅਤੇ ਊਸ਼ਾ ਹਾਜ਼ਰ ਸਨ। ਇਸ ਮੌਕੇ ਸੰਕੇਤਕ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ। -ਖੇਤਰੀ ਪ੍ਰਤੀਨਿਧ

# ਰਾਜਪੁਰਾ ’ਚ ਔਰਤ ਨੂੰ ਖੰਬੇ ਨਾਲ ਬੰਨ੍ਹਣ ਤੇ ਕੁੱਟਮਾਰ ਕੀਤੇ ਜਾਣ ਦਾ ਕੀ ਹੈ ਪੂਰਾ ਮਾਮਲਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616 hardipchumber57@gmail.com

ਰਾਜਪੁਰਾ ਦੇ ਜਨਸੂਆ ਪਿੰਡ ਵਿੱਚ ਕੁਝ ਲੋਕਾਂ ਵੱਲੋਂ ਔਰਤ ਨੂੰ ਖੰਬੇ ਨਾਲ ਬੰਨ੍ਹਣ ਅਤੇ ਕੁੱਟਮਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ 3 ਅਪ੍ਰੈਲ ਦੀ ਦੱਸੀ ਜਾ ਰਹੀ ਹੈ।

ਪੁਲਿਸ ਮੁਤਾਬਕ ਪੀੜਤਾ ਦੇ ਪੁੱਤਰ ਦੇ ਗੁਆਂਢ ਵਿੱਚ ਰਹਿੰਦੀ ਇੱਕ ਵਿਆਹੁਤਾ ਔਰਤ ਨਾਲ ਸਬੰਧ ਸਨ।ਉਹ ਦੋਵੇਂ ਘਰੋਂ ਭੱਜ ਗਏ ਸਨ। ਇਸ ਮਗਰੋਂ ਔਰਤ ਦੇ ਪਰਿਵਾਰਕ ਮੈਂਬਰ ਰੋਹ ਵਿੱਚ ਆ ਗਏ ਤੇ ਮੁੰਡੇ ਦੀ ਮਾਂ ਦੀ ਕੁੱਟਮਾਰ ਕੀਤੀ ਅਤੇ ਖੰਬੇ ਨਾਲ ਬੰਨ੍ਹਿਆ।

ਪੀੜਤਾ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ 18 ਸਾਲਾ ਪੁੱਤਰ ਬਾਰੇ ਕੋਈ ਜਾਣਕਾਰੀ ਨਹੀਂ ਸੀ ਪਰ ਕੁੱਟਮਾਰ ਕਰਨ ਵਾਲੇ ਲੋਕਾਂ ਨੇ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ।

ਬੀਬੀਸੀ ਨੇ ਮੁਲਜ਼ਮ ਧਿਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ।



ਪੁਲਿਸ ਮੁਤਾਬਕ ਇਸ ਘਟਨਾ ਤੋਂ ਮਗਰੋਂ 6 ਜਣਿਆਂ ਉੱਤੇ ਕੇਸ ਦਰਜ ਕੀਤਾ ਗਿਆ ਅਤੇ 2 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

# ਐਮ.ਏ. ਬੇਬੀ ਸੀ.ਪੀ.ਆਈ. (ਐਮ) ਦੇ ਜਨਰਲ ਸਕੱਤਰ ਚੁਣੇ ਗਏ

## ਘੱਟ ਗਿਣਤੀ ਸਮੂਹ ਨਾਲ ਸਬੰਧਤ ਪਹਿਲੇ ਨੇਤਾ ਬਣੇ ਪਾਰਟੀ ਦੇ ਜਨਰਲ ਸਕੱਤਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616 hardipchumber57@gmail.com

ਮਦੁਰਈ : ਸੀਨੀਅਰ ਨੇਤਾ ਐਮ.ਏ. ਬੇਬੀ ਨੂੰ 24ਵੀਂ ਆਲ ਇੰਡੀਆ ਪਾਰਟੀ ਕਾਂਗਰਸ ’ਚ ਸੀ.ਪੀ.ਆਈ. (ਐਮ) ਦਾ ਜਨਰਲ ਸਕੱਤਰ ਚੁਣਿਆ ਗਿਆ, ਜੋ ਇਸ ਅਹੁਦੇ ਨੂੰ ਸੰਭਾਲਣ ਵਾਲੇ ਘੱਟ ਗਿਣਤੀ ਸਮੂਹ ਨਾਲ ਸਬੰਧਤ ਸੱਭ ਤੋਂ ਪਹਿਲੇ ਵਿਅਕਤੀ ਬਣ ਗਏ ਹਨ। ਕੇਰਲ ਦੇ ਸਾਬਕਾ ਮੰਤਰੀ ਅਤੇ 2012 ਤੋਂ ਪੋਲਿਟ ਬਿਊਰੋ ਮੈਂਬਰ ਰਹੇ ਬੇਬੀ ਨੇ ਪਾਰਟੀ ਦੇ ਪਤਨ ਦੇ ਵਿਚਕਾਰ ਪਾਰਟੀ ਨੂੰ ਮਜ਼ਬੂਤ ਕਰਨ ’ਤੇ ਜ਼ੋਰ ਦਿਤਾ ਅਤੇ ਸਾਰੀਆਂ ਬ੍ਰਾਂਚਾਂ ਅਤੇ ਕਮੇਟੀਆਂ ਵਿਚ ਏਕਤਾ ਦੀ ਅਪੀਲ ਕੀਤੀ।

ਉਨ੍ਹਾਂ ਨੇ ਖ਼ੁਦ ਨੂੰ ਪਾਰਟੀ ਦਾ ‘‘ਆਗਿਆਕਾਰੀ ਸਿਪਾਹੀ‘‘ ਕਿਹਾ ਅਤੇ 50 ਲੱਖ ਤੋਂ ਵੱਧ ਮੈਂਬਰਾਂ ਵਾਲੇ ਜਨਤਕ ਸੰਗਠਨਾਂ ਨੂੰ ਸਰਗਰਮ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿਤਾ। ਬੇਬੀ ਇਸ ਅਹੁਦੇ ਨੂੰ ਸੰਭਾਲਣ ਵਾਲੇ ਕੇਰਲ ਦੇ ਦੂਜੇ ਨੇਤਾ ਹਨ। ਪਾਰਟੀ ਦੀ ਕਾਂਗਰਸ ਨੇ ਸੰਗਠਨਾਤਮਕ ਚੁਣੌਤੀ ਆਂ ਨਾਲ ਨਜਿੱਠਣ ਲਈ ਨਵੇਂ ਚਿਹਰਿਆਂ ਨੂੰ ਪੇਸ਼ ਕਰਦਿਆਂ ਨਵੀਂ ਕੇਂਦਰੀ ਕਮੇਟੀ ਅਤੇ ਪੋਲਿਟ ਬਿਊਰੋ ਦੀ ਚੋਣ ਕੀਤੀ। ਸੰਗੀਤ, ਸਿਨੇਮਾ ਅਤੇ ਸਾਹਿਤ ਵਿਚ ਡੂੰਘੀ ਦਿਲਚਸਪੀ ਰੱਖਣ ਵਾਲੇ ਬੇਬੀ ਨੇ ਪਾਰਟੀ ਦੀਆਂ ਚੁਣੌਤੀ ਆਂ ਦਾ ਸਾਹਮਣਾ ਕਰਨ ਲਈ ਮਿਲ ਕੇ ਕੰਮ ਕਰਨ ਦਾ ਵਾਅਦਾ ਕੀਤਾ। ਪਿਛਲੇ ਸਾਲ ਸਤੰਬਰ ’ਚ ਸੀਤਾਰਾਮ ਯੇਚੁਰੀ ਦੇ ਦੇਹਾਂਤ ਤੋਂ ਬਾਅਦ



ਇਹ ਅਹੁਦਾ ਖਾਲੀ ਹੋ ਗਿਆ ਸੀ। ਬੇਬੀ ਦੀ ਚੋਣ ਸੀ.ਪੀ. ਆਈ. (ਐਮ) ਨੂੰ ਮੁੜ ਸੁਰਜੀਤ ਕਰਨ ਅਤੇ ਖੱਬੇਪੱਖੀ ਏਕਤਾ ਬਣਾਉਣ ’ਤੇ ਧਿਆਨ ਕੇਂਦਰਿਤ ਕਰਨ ਨੂੰ ਦਰਸਾਉਂਦੀ ਹੈ।

# ਕਥਿਤ ਜਾਅਲੀ ਡਾਕਟਰ ਵਲੋਂ ਕੀਤੀ ਗਈ ਦਿਲ ਦੀ ਸਰਜਰੀ ਕਾਰਨ ਸੱਤ ਲੋਕਾਂ ਦੀ ਬੇਵਕਤੀ ਮੌਤ ਦਾ ਖਦਸ਼ਾ

## ਸਰਕਾਰੀ ਫੰਡਾਂ ਦੀ ਵੀ ਦੁਰਵਰਤੋਂ ਕਰਨ ਦਾ ਦੋਸ਼

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616 hardipchumber57@gmail.com

ਭੋਪਾਲ : ਮੱਧ ਪ੍ਰਦੇਸ਼ ਦੇ ਦਮੋਹ ਜ਼ਿਲ੍ਹੇ ਦੇ ਇਕ ਮਿਸ਼ਨਰੀ ਹਸਪਤਾਲ ’ਚ ਬਰਤਾਨੀਆਂ ਤੋਂ ‘ਉੱਚ ਹੁਨਰਮੰਦ ਕਾਰਡੀਓਲੋਜਿਸਟ’ ਦੇ ਤੌਰ ’ਤੇ ਰੱਖੇ ਗਏ ਇਕ ਵਿਅਕਤੀ ’ਤੇ ਧੋਖਾਧੜੀ ਕਰਨ ਦੇ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸ਼ੱਕੀ ਵਿਅਕਤੀ, ਜਿਸ ਦਾ ਅਸਲੀ ਨਾਮ ਨਰਿੰਦਰ ਵਿਕਰਮਾਦਿੱਤਿਆ ਯਾਦਵ ਹੋ ਸਕਦਾ ਹੈ, ਨੇ ਕਥਿਤ ਤੌਰ ’ਤੇ ਖ਼ੁਦ ਨੂੰ ਯੂ.ਕੇ. ਦੇ ਡਾਕਟਰ ਐਨ. ਜੌਨ ਕੇਮ ਵਜੋਂ ਪੇਸ਼ ਕੀਤਾ। ਇਹ ਦੋਸ਼ ਲਗਾਇਆ ਗਿਆ ਹੈ ਕਿ ਹਸਪਤਾਲ ਨੇ ਉਸ ਨੂੰ ਨੌਕਰੀ ’ਤੇ ਰੱਖਿਆ ਹਾਲਾਂਕਿ ਉਸ ਕੋਲ ਜਾਇਜ਼ ਡਾਕਟਰੀ ਯੋਗਤਾ ਜਾਂ ਪੇਸ਼ੇਵਰ ਪ੍ਰਮਾਣ ਪੱਤਰ ਨਹੀਂ ਸਨ।

ਦਮੋਹ ਚਾਈਲਡ ਵੈਲਫੇਅਰ ਕਮੇਟੀ ਦੇ ਪ੍ਰਧਾਨ ਦੀਪਕ ਤਿਵਾੜੀ ਨੇ ਦੋਸ਼ ਲਾਇਆ ਕਿ ਬਰਤਾਨੀਆਂ ਦੇ ਕਾਰਡੀਓਲੋਜਿਸਟ ਡਾਕਟਰ ਐਨ. ਜੌਨ ਕੇਮ ਦਾ ਨਾਂ ਵੱਖਰਾ ਹੈ ਅਤੇ ਉਸ ਨੇ ਰੁਜ਼ਗਾਰ ਹਾਸਲ ਕਰਨ ਅਤੇ ਦਿਲ ਦੀਆਂ ਗੁੰਝਲਦਾਰ ਸਰਜਰੀਆਂ ਕਰਨ ਲਈ ਕਥਿਤ ਤੌਰ ’ਤੇ ਜਾਅਲੀ ਪ੍ਰਮਾਣ ਪੱਤਰਾਂ ਦੀ ਵਰਤੋਂ ਕੀਤੀ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਪ੍ਰਿਯੰਕ ਕਨੂੰਗੋ ਨੇ ਦੋਸ਼ ਲਾਇਆ ਕਿ ਇਸ ਘਟਨਾ ਦੀ ਜਾਂਚ ਕੀਤੀ ਜਾਵੇਗੀ। ਕਨੂੰਗੋ ਨੇ ਅਪਣੇ ‘ਐਕਸ’ ਅਕਾਊਂਟ ’ਤੇ ਲਿਖਿਆ, ‘‘ਦਿਲ ਦੀ ਬਿਮਾਰੀ ਦੇ ਇਲਾਜ ਦੀ ਆੜ ’ਚ ਇਕ ਮਿਸ਼ਨਰੀ ਹਸਪਤਾਲ ’ਚ ਇਕ ਜਾਅਲੀ ਡਾਕਟਰ ਵਲੋਂ ਕੀਤੀ ਗਈ ਦਿਲ ਦੀ ਸਰਜਰੀ ਦੌਰਾਨ ਸੱਤ ਲੋਕਾਂ ਦੀ ਬੇਵਕਤੀ ਮੌਤ ਦਾ ਮਾਮਲਾ ਸਾਹਮਣੇ ਆਇਆ ਹੈ। ਸ਼ਿਕਾਇਤ ਮੁਤਾਬਕ ਮਿਸ਼ਨਰੀ ਹਸਪਤਾਲ ਪ੍ਰਧਾਨ ਮੰਤਰੀ ਆਯੂਸ਼ਮਾਨ ਭਾਰਤ



ਯੋਜਨਾ ਦੇ ਅਧੀਨ ਆਉਂਦਾ ਹੈ ਅਤੇ ਸਰਕਾਰੀ ਫੰਡਾਂ ਦੀ ਵੀ ਦੁਰਵਰਤੋਂ ਕੀਤੀ ਗਈ ਹੈ।’’

ਪੁਲਿਸ ਨੇ ਕਿਹਾ ਕਿ ਮੁਲਜ਼ਮ ਇਸ ਸਮੇਂ ਪੁਲਿਸ ਹਿਰਾਸਤ ’ਚ ਨਹੀਂ ਹੈ ਅਤੇ ਜਾਂਚ ਜਾਰੀ ਹੈ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਅਸੀਂ ਪਹਿਲਾਂ ਦੋਸ਼ਾਂ ਦੀ ਜਾਂਚ ਕਰ ਰਹੇ ਹਾਂ ਅਤੇ ਫਿਰ ਕਾਨੂੰਨ ਅਨੁਸਾਰ ਕਾਰਵਾਈ ਕਰਾਂਗੇ।

# ਪੰਜਾਬ ’ਚ ਪੂਰੀ ਤਰ੍ਹਾਂ ਅਰਾਜਕਤਾ: ਵੜਿੰਗ, ਕਿਹਾ -ਅਮਨਦੀਪ ਡਰੱਗ ਕੇਸ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ’ਤੇ ਥੱਪੜ

## ਬਾਜਵਾ ਨੇ ਨਿਆਂਪਾਲਿਕਾ ਨੂੰ ਖ਼ੁਦ ਨੋਟਿਸ ਲੈਣ ਦੀ ਅਪੀਲ ਕੀਤੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616 hardipchumber57@gmail.com



ਆਮ ਆਦਮੀ ਪਾਰਟੀ ਦੀ ਸਰਕਾਰ ਅਧੀਨ ਪੰਜਾਬ ਵਿੱਚ ਪੂਰੀ ਤਰ੍ਹਾਂ ਅਰਾਜਕਤਾ ਹੋਣ ਦਾ ਦਾਅਵਾ ਕਰਦੇ ਹੋਏ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਕਿਹਾ ਕਿ ਹੈੱਡ ਕਾਂਸਟੇਬਲ ਅਮਨਦੀਪ ਕੌਰ ਦਾ ਮਾਮਲਾ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ’ਤੇ ਥੱਪੜ ਹੈ।

ਅੱਜ ਦਾਖਾ ਅਤੇ ਰਾਏਕੋਟ ਵਿਧਾਨ ਸਭਾ ਹਲਕਿਆਂ ਵਿੱਚ ਪਾਰਟੀ ਦੀ ਮੁਹਿੰਮ, “ਜੁੜੇਗਾ ਬਲਾਕ, ਜਿੱਤੇਗੀ ਕਾਂਗਰਸ” ਵਜੋਂ ਵਰਕਰ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ, ਵੜਿੰਗ ਨੇ ਦੱਸਿਆ ਕਿ ਕਿਵੇਂ ਪੰਜਾਬ ਪੁਲਿਸ ਦੇ ਆਪਣੇ ਹੀ ਕਾਂਸਟੇਬਲਾਂ ਵਿੱਚੋਂ ਇੱਕ ਨਸ਼ਿਆਂ ਵਿੱਚ ਸ਼ਾਮਲ ਸੀ ਅਤੇ ਉਸਨੂੰ ਹੈਰੋਇਨ ਸਮੇਤ ਫੜਿਆ ਗਿਆ ਸੀ।

ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਹੀ ਮਾਮਲਾ ਨਹੀਂ ਅਤੇ ਇਸ ਮਾਮਲੇ ਦੀ ਸੁਤੰਤਰ ਅਤੇ ਭਰੋਸੇਯੋਗ ਜਾਂਚ ਦੀ ਲੋੜ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਪੁਲਿਸ ਸਪੱਸ਼ਟ ਕਾਰਨਾਂ ਕਰਕੇ ਇਸ ਮਾਮਲੇ ਵਿੱਚ ਇਨਸਾਫ਼ ਨਹੀਂ ਕਰ ਸਕਦੀ। ਵੜਿੰਗ ਨੇ ਕਿਹਾ, ਅਮਨਦੀਪ ਦਾ ਮਾਮਲਾ ਇਸ ਗੱਲ ਦੀ ਇੱਕ ਉਦਾਹਰਣ ਹੈ ਕਿ ‘ਆਪ’ ਸਰਕਾਰ ਦੇ ਅਧੀਨ ਪੰਜਾਬ ਨਾਲ ਕੀ ਗਲਤ ਹੋਇਆ ਹੈ। ਉਨ੍ਹਾਂ ਕਿਹਾ ਕਿ ਜਿੱਥੇ ਗੈਂਗਸਟਰਾਂ ਦੇ ਰਾਜ ਕਰਨ ਨਾਲ ਡਰ ਦਾ ਮਾਹੌਲ ਹੈ, ਉੱਥੇ ਆਮ ਨਾਗਰਿਕ ਦੁੱਖ ਝੱਲ ਰਿਹਾ ਹੈ ਕਿਉਂਕਿ ਉਸਦੀ ਆਵਾਜ਼ ਨਹੀਂ ਸੁਣੀ ਜਾ ਰਹੀ। ਉਨ੍ਹਾਂ ਕਿਹਾ ਕਿ ਸਮਾਜ ਦਾ ਹਰ ਵਰਗ ਭਾਵੇਂ ਉਹ ਕਿਸਾਨ ਹੋਵੇ, ਮਜ਼ਦੂਰ ਹੋਵੇ, ਕਰਮਚਾਰੀ ਹੋਵੇ ਜਾਂ ਅਧਿਆਪਕ, ਪਰੇਸ਼ਾਨ ਹੈ।

ਉਨ੍ਹਾਂ ਕਿਹਾ ਕਿ ਪੰਜਾਬ 25 ਸਾਲ ਪਿੱਛੇ ਚਲਾ ਗਿਆ ਹੈ ਕਿਉਂਕਿ ‘ਆਪ’ ਨੇ ਸੂਬੇ ਦੀ ਆਰਥਿਕਤਾ ਨੂੰ ਲੀਹੋਂ ਲਾ ਦਿੱਤਾ ਹੈ ਅਤੇ ਸੂਬੇ ’ਤੇ ਕਰਜ਼ੇ ਦਾ ਵੱਡਾ ਬੋਝ ਪਾਇਆ ਹੈ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਦੁਆਰਾ ਇਕੱਠਾ ਅਤੇ ਗੁਣਾ ਕੀਤਾ ਗਿਆ ਕਰਜ਼ਾ ਪੰਜਾਬ ਦੇ ਲੋਕਾਂ ਨੂੰ ਅਦਾ ਕਰਨਾ ਪਵੇਗਾ।

ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਪਾਰਟੀ ਵਰਕਰਾਂ, ਖਾਸ ਕਰਕੇ ਜ਼ਿਲ੍ਹਾ ਅਤੇ ਬਲਾਕ ਪ੍ਰਧਾਨਾਂ ਨੂੰ ਤਾਕੀਦ ਕੀਤੀ ਕਿ ਉਨ੍ਹਾਂ ਕੋਲ ਜ਼ਮੀਨੀ ਪੱਧਰ ’ਤੇ ਸਭ ਤੋਂ ਮਹੱਤਵਪੂਰਨ ਜ਼ਿੰਮੇਵਾਰੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸੱਤਾਧਾਰੀ ਪਾਰਟੀਆਂ ਨੇ ਮਹਾਰਾਸ਼ਟਰ ਦੀ ਉਦਾਹਰਣ ਦਿੰਦੇ ਹੋਏ ਵੋਟਰ ਸੂਚੀਆਂ ਵਿੱਚ ਹੇਰਾਫੇਰੀ ਸ਼ੁਰੂ ਕਰ ਦਿੱਤੀ ਹੈ, ਜਿੱਥੇ ਕੁਝ ਮਹੀਨਿਆਂ ਦੇ ਅੰਦਰ-ਅੰਦਰ ਲਗਭਗ 50 ਲੱਖ ਨਵੇਂ ਵੋਟਰ ਸ਼ਾਮਲ ਕੀਤੇ ਗਏ ਸਨ।

ਉਨ੍ਹਾਂ ਜ਼ਿਲ੍ਹਾ, ਬਲਾਕ ਅਤੇ ਮੰਡਲ ਪ੍ਰਧਾਨਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਅਜਿਹੀਆਂ ਕਿਸੇ ਵੀ ਹੇਰਾਫੇਰੀ ਵਿਰੁੱਧ ਸੁਚੇਤ ਰਹਿਣ ਕਿਉਂਕਿ ਨਹੀਂ ਤਾਂ ਇਹ ਚੋਣਾਂ ਦੇ ਮਕਸਦ ਨੂੰ ਹੀ ਹਰਾ ਦੇਵੇਗਾ।

ਵੜਿੰਗ ਨੇ ਦਾਖਾ ਹਲਕਾ ਇੰਚਾਰਜ ਅਤੇ ਪੀ.ਸੀ.ਸੀ. ਜਨਰਲ ਸਕੱਤਰ-ਸੰਗਠਨ ਕੈਪਟਨ ਸੰਦੀਪ ਸੰਧੂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸੰਸਦੀ ਚੋਣਾਂ ਦੌਰਾਨ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਬਿਨਾਂ ਉਹ ਚੋਣਾਂ ਨਹੀਂ ਜਿੱਤ ਸਕਦੇ ਸਨ।

ਰਾਏਕੋਟ ਵਿੱਚ, ਵੜਿੰਗ ਨੇ ਸਥਾਨਕ ਸੰਸਦ ਮੈਂਬਰ ਡਾ. ਅਮਰ ਸਿੰਘ ਅਤੇ ਹਲਕਾ ਇੰਚਾਰਜ ਕਾਮਿਲ ਸਿੰਘ ਦੀ ਲੋਕਾਂ ਲਈ ਅਣਥੱਕ ਮਿਹਨਤ ਕਰਨ ਲਈ ਵਿਸ਼ੇਸ਼ ਪ੍ਰਸ਼ੰਸਾ ਕੀਤੀ।

ਇਸ ਮੌਕੇ ਬੋਲਦਿਆਂ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਨਿਆਂਪਾਲਿਕਾ ਨੂੰ ਅਮਨਦੀਪ ਕੌਰ ਦੇ ਮਾਮਲੇ ਦਾ ਖੁਦ ਨੋਟਿਸ ਲੈਣ ਦੀ ਅਪੀਲ ਕੀਤੀ। ਉਨ੍ਹਾਂ ਨੇ ਰਾਸ਼ਟਰੀ ਜਾਂਚ ਏਜੰਸੀ ਤੋਂ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ’ਤੇ ਇਸ ਮਾਮਲੇ ’ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸਦਾ ਆਪਣਾ ਅਧਿਕਾਰੀ ਸ਼ਾਮਲ ਸੀ।

ਬਾਜਵਾ ਨੇ ਅੱਗੇ ਕਿਹਾ ਕਿ ਇਸ ਮਾਮਲੇ ਨਾਲ ਬਹੁਤ ਸਾਰੇ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਲੋਕ ਜੁੜੇ ਹੋਏ ਹਨ ਅਤੇ ਇਸ ਲਈ ਇੱਕ ਸੁਤੰਤਰ ਏਜੰਸੀ ਤੋਂ ਜਾਂਚ ਜ਼ਰੂਰੀ ਹੈ। ਇਨ੍ਹਾਂ ਮੀਟਿੰਗਾਂ ਦੌਰਾਨ ਮੌਜੂਦ ਹੋਰਨਾਂ ਵਿੱਚ ਡਾ. ਅਮਰ ਸਿੰਘ, ਕੈਪਟਨ ਸੰਦੀਪ ਸੰਧੂ, ਕਾਮਿਲ ਸਿੰਘ, ਮੇਜਰ ਸਿੰਘ ਮੁੱਲਾਂਪੁਰ ਅਤੇ ਹੋਰ ਵੀ ਸ਼ਾਮਲ ਸਨ।

# ਵਕਫ਼ ਮਗਰੋਂ ਭਾਜਪਾ ਨੇ ਈਸਾਈ, ਜੈਨੀ, ਬੋਧੀ ਤੇ ਹਿੰਦੂ ਮੰਦਰਾਂ ਦੀ ਜ਼ਮੀਨ ’ਤੇ ਨਜ਼ਰ ਟਿਕਾਈ: ਊਧਵ ਠਾਕਰੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616 hardipchumber57@gmail.com

Shiv Sena (UBT) ਮੁਖੀ ਊਧਵ ਠਾਕਰੇ ਨੇ ਅੱਜ ਦੋਸ਼ ਲਾਇਆ ਕਿ ਵਕਫ਼ ਕਾਨੂੰਨ ਲਾਗੂ ਕਰਨ ਮਗਰੋਂ, ਭਾਜਪਾ ਨੇ ਹੁਣ ਆਪਣੇ ‘‘ਦੋਸਤਾਂ’’ ਲਈ ਈਸਾਈਆਂ, ਜੈਨੀਆਂ, ਬੋਧੀਆਂ ਅਤੇ ਇੱਥੋਂ ਤੱਕ ਕਿ ਹਿੰਦੂ ਮੰਦਰਾਂ ਦੀ ਜ਼ਮੀਨ ’ਤੇ ਨਜ਼ਰ ਟਿਕਾਈ ਹੋਈ ਹੈ। ਠਾਕਰੇ ਨੇ ਇਹ ਦਾਅਵਾ ਸ਼ਿਵ ਸੰਚਾਰ ਸੈਨਾ (Shiv Sanchar Sena) ਜੋ ਪਾਰਟੀ ਦਾ ਆਈਟੀ ਅਤੇ ਸੰਚਾਰ ਵਿੰਗ ਹੋਵੇਗਾ, ਦੇ ਉਦਘਾਟਨ ਮੌਕੇ ਕੀਤਾ।

ਐੱਨਸੀਪੀ (ਐੱਸਪੀ) ਆਗੂ ਜਤਿੰਦਰ ਅਵਧ ਨੇ ਵੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਦੇ ਮੁੱਖ ਪੱਤਰ ‘Organiser’ ਦੇ ਇੱਕ article ਦਾ ਹਵਾਲਾ ਦਿੰਦੇ ਹੋਏ ਅਜਿਹਾ ਹੀ ਦੋਸ਼ ਲਾਇਆ ਹੈ।

ਠਾਕਰੇ ਨੇ ਆਪਣੀ ਸਾਬਕਾ ਸਹਿਯੋਗੀ ਭਾਜਪਾ ਨੂੰ ਭਗਵਾਨ ਰਾਮ ਵਾਂਗ ‘ਵਿਹਾਰ’ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ, ‘‘ਅਗਲਾ ਕਦਮ (ਵਕਫ਼ ਕਾਨੂੰਨ ਤੋਂ ਬਾਅਦ) ਈਸਾਈ, ਜੈਨੀ, ਬੋਧੀ ਤੇ ਇੱਥੋਂ ਤੱਕ ਕਿ ਹਿੰਦੂ ਮੰਦਰਾਂ ਦੀ ਜ਼ਮੀਨ ’ਤੇ ਨਜ਼ਰ ਰੱਖਣਾ ਹੋਵੇਗਾ। ਉਹ ਮੁੱਖ ਜ਼ਮੀਨ ਆਪਣੇ ਦੋਸਤਾਂ ਨੂੰ ਦੇ ਦੇਣਗੇ। ਉਨ੍ਹਾਂ ਨੂੰ ਕਿਸੇ ਵੀ ਭਾਈਚਾਰੇ ਨਾਲ ਪਿਆਰ ਨਹੀਂ ਹੈ।’’

ਠਾਕਰੇ ਨੇ ‘Organiser’ ਦੇ article (which appears to have since been unpublished) ਦੇ ਹਵਾਲੇ ਨਾਲ ਕਿਹਾ, ‘‘ਉਨ੍ਹਾਂ ਨੇ ਇਸ ਜਨਤਕ ਕਰ ਦਿੱਤਾ ਹੈ ਅਤੇ ਹਰ ਕਿਸੇ ਨੂੰ ਆਪਣੀਆਂ ਅੱਖਾਂ ਖੋਲ੍ਹ ਲੈਣੀਆਂ ਚਾਹੀਦੀਆਂ ਹਨ।’’ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਸੈਨਾ (ਯੂਬੀਟੀ) ਵਕਫ਼ ਬਿੱਲ ’ਤੇ ਹੋਰ ਵਿਰੋਧੀ ਪਾਰਟੀਆਂ ਵਾਂਗ ਅਦਾਲਤ ਦਾ ਰੁਖ਼ ਕਰੇਗੀ, ਤਾਂ ਉਨ੍ਹਾਂ ਨੇ ‘ਨਾਂਹ’ ਵਿੱਚ ਜਵਾਬ ਦਿੱਤਾ।

ਠਾਕਰੇ ਦੀ ਪਾਰਟੀ ਦੇ ਆਗੂ ਸੰਜੇ ਰਾਊਤ ਨੇ ਕਿਹਾ ਕਿ ਭਵਿੱਖ ਵਿੱਚ ਸਾਰੀ ਵਕਫ਼ ਜ਼ਮੀਨ ਭਾਜਪਾ ਦੇ ‘‘ਉਦਯੋਗਪਤੀ ਦੋਸਤਾਂ’’ ਕੋਲ ਜਾਵੇਗੀ।



ਇਸ ਦੌਰਾਨ, ਐੱਨਸੀਪੀ (ਸਪਾ) ਦੇ ਨੇਤਾ ਜਤਿੰਦਰ ਅਵਧ ਨੇ ਦਾਅਵਾ ਕੀਤਾ ਕਿ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਤੋਂ ਬਾਅਦ, ਹੁਣ ਦੇਸ਼ ਦੇ ਈਸਾਈਆਂ ਦੀ ਵਾਰੀ ਹੈ। ਐਕਸ ’ਤੇ ਇੱਕ ਪੋਸਟ ਵਿੱਚ, ਠਾਣੇ ਦੇ ਕਲਵਾ-ਮੁੰਬਰਾ ਹਲਕੇ ਤੋਂ ਵਿਧਾਇਕ ਨੇ ਕਿਹਾ ਕਿ ਆਰਐਸਐਸ ਦੇ ਮੁੱਖ ਪੱਤਰ ਨੇ ਦਾਅਵਾ ਕੀਤਾ ਹੈ ਕਿ ਵਕਫ਼ ਬੋਰਡ ਨਹੀਂ ਬਲਕਿ Catholic Church of India ਕੋਲ ਦੇਸ਼ ’ਚ ਸਭ ਤੋਂ ਵੱਡਾ landholder ਹੈ। -ਪੀਟੀਆਈ

# ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ 'ਤੇ ਹੋਏ ਪੁਲਿਸ ਜ਼ਬਰ ਵਿਰੁੱਧ ਪੰਜਾਬ ਭਰ 'ਚ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਰੋਸ ਪ੍ਰਦਰਸ਼ਨ

## ਅਧਿਆਪਕਾਂ ਤੇ ਵਿਦਿਆਰਥੀਆਂ ਦੇ ਇਨਸਾਫ਼ ਖਾਤਰ ਚੱਲ ਰਹੇ ਸ਼ਾਂਤਮਈ ਸੰਘਰਸ਼ ਤੇ ਪੁਲਿਸ ਜ਼ਬਰ ਖ਼ਿਲਾਫ਼ ਰੋਸ ਧਰਨੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ/ਸੰਗਰੂਰ, 6 ਅਪ੍ਰੈਲ, 2025: ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਅਤੇ ਉਨ੍ਹਾਂ ਦੀ ਹਮਾਇਤ 'ਚ ਉੱਤਰੇ ਭਾਕਿਯੂ (ਏਕਤਾ-ਉਗਰਾਹਾਂ) ਦੇ ਦਰਜਨਾਂ ਆਗੂਆਂ ਤੇ ਵਰਕਰਾਂ ਨੂੰ ਕੁੱਟਮਾਰ ਕਰਨ ਮਗਰੋਂ ਬਠਿੰਡਾ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਕੇ ਜੇਲ੍ਹ 'ਚ ਡੱਕਣ ਵਿਰੁੱਧ ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਸੱਦੇ 'ਤੇ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਸਥਿਤ ਕੋਠੀ ਸਮੇਤ 5 ਮੰਤਰੀਆਂ ਅਤੇ 9 ਵਿਧਾਇਕਾਂ ਦੇ ਘਰਾਂ ਅੱਗੇ ਪੰਜਾਬ ਭਰ ਵਿੱਚ ਰੋਸ ਧਰਨੇ ਦਿੱਤੇ ਗਏ। ਯੂਨੀਅਨ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਭਗਵੰਤ ਮਾਨ ਸਰਕਾਰ ਦੇ ਇਸ ਜਾਬਰ ਹੱਲੇ ਵਿਰੁੱਧ ਦਿੱਤੇ ਗਏ ਇਹਨਾਂ ਧਰਨਿਆਂ 'ਚ ਵੱਖ ਵੱਖ ਕਿਸਾਨ, ਖੇਤ ਮਜ਼ਦੂਰ, ਅਧਿਆਪਕ ਤੇ ਠੇਕਾ ਮੁਲਾਜ਼ਮ ਜਥੇਬੰਦੀਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ।

ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਆਖਿਆ ਕਿ ਬਠਿੰਡੇ ਜ਼ਿਲ੍ਹੇ ਦੇ ਪਿੰਡ ਚਾਉਕੇ ਵਿਖੇ ਇੱਕ ਆਦਰਸ਼ ਸਕੂਲ ਸਰਕਾਰੀ ਅਤੇ ਨਿੱਜੀ ਤੌਰ 'ਤੇ



ਚੱਲ ਰਿਹਾ ਹੈ। ਇਸ ਸਕੂਲ ਉੱਪਰ ਸਰਕਾਰ ਦੀ ਤਰਫੋਂ 70% ਅਤੇ ਇੱਕ ਕੰਪਨੀ ਦੀ ਤਰਫੋਂ 30% ਖ਼ਰਚਾ ਕੀਤਾ ਜਾ ਰਿਹਾ ਹੈ। ਪਰ ਸਕੂਲ ਦੀ ਮੈਨੇਜਮੈਂਟ ਵੱਲੋਂ ਸਕੂਲ ਦੇ ਸਟਾਫ਼ ਨੂੰ ਘੱਟ ਤਨਖਾਹਾਂ ਦੇ ਕੇ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ ਤੇ ਵਰਦੀਆਂ ਵੀ ਨਹੀਂ ਦਿੱਤੀਆਂ ਜਾ ਰਹੀਆਂ ਅਤੇ ਗੈਰ ਕਾਨੂੰਨੀ ਢੰਗ ਨਾਲ ਮੋਟੀਆਂ ਫੀਸਾਂ ਵਸੂਲੀਆਂ ਜਾ ਰਹੀਆਂ ਹਨ। ਉਹਨਾਂ ਆਖਿਆ ਕਿ ਡੀ ਸੀ ਬਠਿੰਡਾ ਵੱਲੋਂ ਕੀਤੀ ਇਨਕੁਆਰੀ ਚ ਮੈਨੇਜਮੈਂਟ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਨੂੰ ਮੰਨਣ ਦੇ ਬਾਵਜੂਦ ਮੈਨੇਜਮੈਂਟ ਖਿਲਾਫ਼ ਕਾਰਵਾਈ ਕਰਨ ਦੀ ਥਾਂ ਹੱਕੀ ਮੰਗਾਂ ਲਈ ਸੰਘਰਸ਼ ਦੇ ਰਾਹ ਪਏ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਤੇ ਉਹਨਾਂ ਦੀ ਹਮਾਇਤ 'ਚ ਨਿੱਤਰੀ ਕਿਸਾਨ ਯੂਨੀਅਨ ਦੀ ਮਹਿਲਾ ਆਗੂ ਹਰਿੰਦਰ ਬਿੰਦੂ, ਪਰਮਜੀਤ ਕੌਰ ਪਿੱਥੋ ਤੇ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲ ਸਮੇਤ ਦਰਜਨਾਂ ਕਿਸਾਨਾਂ ਤੇ ਪੀੜਤ ਅਧਿਆਪਕਾਂ ਨੂੰ ਲਾਠੀਚਾਰਜ ਕਰਕੇ ਜੇਲ੍ਹ ਚ ਡੱਕ ਦਿੱਤਾ ਗਿਆ। ਉਹਨਾਂ ਦੋਸ਼ ਲਾਇਆ ਕਿ ਹਰ ਟੀਚਰ ਦੀ ਤਨਖ਼ਾਹ ਵਿੱਚੋਂ ਦਸ ਹਜ਼ਾਰ ਰੁਪਏ ਦਾ ਭ੍ਰਿਸ਼ਟਾਚਾਰ ਕੀਤਾ ਜਾ ਰਿਹਾ ਅਤੇ ਵਿਦਿਆਰਥੀਆਂ ਨੂੰ ਲੋੜੀਂਦਾ ਸਮਾਨ ਨਹੀਂ ਦਿੱਤਾ ਜਾ ਰਿਹਾ। ਕੰਪਨੀ ਦੀ ਤਰਫੋਂ ਅਪਣੇ ਚਹੇਤਿਆਂ ਨੂੰ ਸਕੂਲ ਅੰਦਰ ਨੌਕਰੀਆਂ 'ਤੇ ਰੱਖਿਆ ਜਾ ਰਿਹਾ ਹੈ। ਉਹਨਾਂ ਆਖਿਆ ਕਿ ਭਗਵੰਤ ਮਾਨ ਦੀ ਸਰਕਾਰ ਸਾਰੇ ਸਰਕਾਰੀ ਮਹਿਕਮੇ ਕਾਰਪੋਰੇਟ ਘਰਾਣਿਆਂ ਨੂੰ ਵੇਚਣਾ ਚਾਹੁੰਦੀ ਹੈ, ਜਿਨ੍ਹਾਂ ਨੂੰ ਵੱਡੀ ਪੱਧਰ ਤੇ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਆਮ ਲੋਕਾਂ ਦਾ ਜਿਉਣਾ ਦੁੱਭਰ ਹੋ ਗਿਆ ਹੈ। ਆਪ ਸਰਕਾਰ ਵੀ 1991 ਵਿੱਚ ਸਾਮਰਾਜੀਆਂ ਨਾਲ ਕੀਤੇ ਸਮਝੌਤਿਆਂ ਨੂੰ ਲਾਗੂ ਕਰਨਾ ਚਾਹੁੰਦੀ ਹੈ। ਜੇ ਕੰਪਨੀ ਇਹ ਸਕੂਲ ਚਲਾ ਰਹੀ ਹੈ ਅਤੇ ਪੰਜਾਬ ਅੰਦਰ ਹੋਰ ਵੀ ਕੰਪਨੀਆਂ ਸਕੂਲ ਚਲਾ ਰਹੀਆਂ ਹਨ ਸਹੀ ਰੂਪ ਅੰਦਰ ਕਹਿਣਾ ਹੋਵੇ ਤਾਂ ਮੌਕੇ ਦੀਆਂ ਕੰਪਨੀਆਂ ਆਪਣਾ ਰਾਜ ਲੋਕਾਂ 'ਤੇ ਕਰਨਾ ਚਾਹੁੰਦੀਆਂ ਹਨ। ਜੇ ਇਹ ਸਕੂਲ ਪ੍ਰਾਈਵੇਟ ਹਿੱਸੇਦਾਰੀ ਦੇ ਤੌਰ 'ਤੇ ਚਲਾਏ ਜਾ ਰਹੇ ਹਨ, ਇਨ੍ਹਾਂ ਸਕੂਲਾਂ ਅੰਦਰ ਅਧਿਆਪਕਾਂ ਨੂੰ ਤਨਖਾਹਾਂ ਘੱਟ ਦਿੱਤੀਆਂ ਜਾ ਰਹੀਆਂ ਹਨ।

ਇਸ ਮੌਕੇ ਕਿਸਾਨ ਆਗੂ ਝੰਡਾ ਸਿੰਘ ਜੇਠੂਕੇ ਨੇ ਐਲਾਨ ਕੀਤਾ ਕਿ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਸੂਬਾ ਆਗੂ ਜਗਤਾਰ ਸਿੰਘ ਕਾਲਾਝਾੜ, ਸੂਬਾ ਆਗੂ ਸ਼ਿੰਗਾਰਾ ਸਿੰਘ ਮਾਨ, ਅਮਰੀਕ ਸਿੰਘ ਗੰਢੂਆਂ, ਕਮਲ ਬਰਨਾਲਾ, ਜਸਵੀਰ ਕੌਰ ਉਗਰਾਹਾਂ ਤੋਂ ਇਲਾਵਾ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਲਛਮਣ ਸਿੰਘ ਸੇਵੇਵਾਲਾ, ਬੀਕੇਯੂ ਏਕਤਾ ਡਕੌਂਦਾ ਧਨੇਰ ਦੇ ਸੂਬਾ ਆਗੂ ਗੁਰਦੀਪ ਸਿੰਘ ਰਾਮਪੁਰਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਪ੍ਰਸ਼ੋਤਮ ਮਹਿਰਾਜ, ਡੀ ਟੀ ਐਫ਼ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਬਲਵੀਰ ਚੰਦ ਲੌਂਗੋਵਾਲ, ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਜਗਪਾਲ ਸਿੰਘ ਬੰਗੀ ਤੇ ਬੇਅੰਤ ਸਿੰਘ ਫੁੱਲੇਵਾਲ, ਆਗੂ ਕੁਲਵੰਤ ਸਿੰਘ ਖਨੌਰੀ, ਆਦਰਸ਼ ਸਕੂਲ ਅਧਿਆਪਕਾਂ ਦੇ ਆਗੂ ਬਲਵਿੰਦਰ ਸਿੰਘ ਤੇ ਬਲਜੀਤ ਸਿੰਘ, ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗੂ ਜਗਸੀਰ ਸਿੰਘ ਭੰਗੂ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਆਗੂ ਪਿਰਤਪਾਲ ਸਿੰਘ ਰਾਮਪੁਰਾ, ਬੀਕੇਯੂ ਆਜ਼ਾਦ ਦੇ ਆਗੂ ਜਸਵੀਰ ਸਿੰਘ ਮੈਦੇਵਾਸ, ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਪੰਜਾਬ ਦੇ ਪ੍ਰਧਾਨ ਪਰਗਟ ਸਿੰਘ ਕਾਲਾਝਾੜ ਆਦਿ ਨੇ ਸੰਬੋਧਨ ਕੀਤਾ।

# ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਡੈਲੀਗੇਟ ਇਜਲਾਸ 'ਚ 15 ਮੈਂਬਰੀ ਸੂਬਾਈ ਕਾਰਜਕਾਰਨੀ ਦੀ ਹੋਈ ਚੋਣ

## ਮਾਸਟਰ ਰਜਿੰਦਰ ਭਦੌੜ ਦੁਬਾਰਾ ਫਿਰ ਬਣੇ ਸੂਬਾ ਜਥੇਬੰਦਕ ਮੁਖੀ, ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਨ ਦੀ ਕੀਤੀ ਮੰਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਬਰਨਾਲਾ, 6 ਅਪ੍ਰੈਲ, 2025: ਤਰਕਸ਼ੀਲ ਸੁਸਾਇਟੀ ਪੰਜਾਬ ਦੇ ਦੋ ਰੋਜ਼ਾ ਸੂਬਾਈ ਡੈਲੀਗੇਟ ਇਜਲਾਸ ਦੇ ਦੂਜੇ ਦਿਨ ਅਗਲੇ ਦੋ ਸਾਲਾਂ ਲਈ 15 ਮੈਂਬਰੀ ਨਵੀਂ ਸੂਬਾਈ ਕਾਰਜਕਾਰਨੀ ਟੀਮ ਦੀ ਚੋਣ ਕੀਤੀ ਗਈ ਜਿਸ ਵਿੱਚ ਜਥੇਬੰਦਕ ਵਿਭਾਗ ਲਈ ਮਾਸਟਰ ਰਾਜਿੰਦਰ ਭਦੌੜ, ਵਿਤ ਵਿਭਾਗ ਰਾਜੇਸ਼ ਅਕਲੀਆ, ਸਭਿਆਚਾਰਕ ਵਿਭਾਗ ਜੋਗਿੰਦਰ ਕੁੱਲੇਵਾਲ, ਮੀਡੀਆ ਵਿਭਾਗ ਸੁਮੀਤ ਅੰਮ੍ਰਿਤਸਰ, ਮੁੱਖ ਸੰਪਾਦਕ ਤਰਕਸ਼ੀਲ ਮੈਗਜ਼ੀਨ (ਪੰਜਾਬੀ) ਰਾਜਪਾਲ ਬਠਿੰਡਾ, ਮੁੱਖ ਸੰਪਾਦਕ ਤਰਕਸ਼ੀਲ ਮੈਗਜ਼ੀਨ (ਹਿੰਦੀ) ਕੁਲਜੀਤ ਡੰਗਰਖੇੜਾ, ਸਾਹਿਤ ਵਿਭਾਗ ਰਾਮ ਸਵਰਨ ਲੱਖੇਵਾਲੀ, ਪ੍ਰਿੰਟਿੰਗ ਵਿਭਾਗ ਸੁਖਵਿੰਦਰ ਬਾਗਪੁਰ, ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ ਜਸਵੰਤ ਮੋਹਾਲੀ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਜੁਝਾਰ



ਲੌਂਗੋਵਾਲ, ਕਾਨੂੰਨ ਵਿਭਾਗ ਜਸਵਿੰਦਰ ਫਗਵਾੜਾ, ਵਿਦਿਆਰਥੀ ਚੇਤਨਾ ਵਿਭਾਗ ਗੁਰਪ੍ਰੀਤ ਸ਼ਹਿਣਾ, ਸਾਹਿਤ ਵੈਨ ਵਿਭਾਗ ਮੋਹਨ ਬਡਲਾ, ਸੋਸ਼ਲ ਮੀਡੀਆ ਵਿਭਾਗ ਸੁਰਜੀਤ ਟਿੱਬਾ ਅਤੇ ਦਫਤਰ ਸਕੱਤਰ ਲਈ ਹੇਮ ਰਾਜ ਸਟੈਨੋਂ ਚੁਣੇ ਗਏ।

ਇਸ ਤੋਂ ਪਹਿਲੇ ਸੈਸ਼ਨ ਵਿੱਚ ਸੂਬਾ ਕਾਰਜਕਾਰਨੀ ਵੱਲੋਂ ਪਿਛਲੇ ਸੈਸ਼ਨ ਦੀ ਦੋ ਸਾਲਾ ਰੀਵੀਊ ਰਿਪੋਰਟ ਅਤੇ ਅਗਲੇ ਦੋ ਸਾਲ ਲਈ ਕਾਰਜ ਵਿਉਂਤਬੰਦੀ ਦਾ ਖਰੜਾ ਪੇਸ਼ ਕੀਤਾ ਗਿਆ। ਇਸ ਉੱਤੇ ਵੱਖ ਵੱਖ ਜ਼ੋਨਾਂ ਅਤੇ ਇਕਾਈਆਂ ਨਾਲ ਸੰਬੰਧਿਤ ਡੈਲੀਗੇਟਾਂ ਬਲਬੀਰ ਲੌਂਗੋਵਾਲ, ਮਾਸਟਰ ਪਰਮਵੇਦ ਸੰਗਰੂਰ, ਸਤ ਪਾਲ ਸਲੋਹ, ਜਸਵੰਤ ਜੀਰਖ, ਗੁਰਮੀਤ ਖਰੜ, ਰਾਮ ਕੁਮਾਰ ਪਟਿਆਲਾ, ਅਜੀਤ ਪ੍ਰਦੇਸੀ, ਸੰਦੀਪ ਧਾਰੀਵਾਲ ਭੋਜਾਂ, ਕੁਲਵੰਤ ਕੌਰ, ਭੂਰਾ ਸਿੰਘ ਮਹਿਮਾਸਰਜਾ, ਜੁਝਾਰ ਲੌਂਗੋਵਾਲ, ਦੀਪ ਦਿਲਬਰ, ਰਾਮ ਸਿੰਘ ਨਿਰਮਾਣ, ਗਗਨ ਰਾਮਪੁਰਾ, ਮਾਸਟਰ ਜਗਦੀਸ਼ ਰਾਏਪੁਰ ਡੱਬਾ, ਮੁਖਤਿਆਰ ਗੋਪਾਲਪੁਰ, ਜਸਪਾਲ ਬਾਸਰਕੇ, ਕੁਲਵਿੰਦਰ ਨਗਾਰੀ ਆਦਿ ਨੇ ਉਸਾਰੂ ਵਿਚਾਰ ਵਟਾਂਦਰਾ ਕਰਦਿਆਂ ਤਰਕਸ਼ੀਲ ਮੈਗਜ਼ੀਨ ਦੀ ਗਿਣਤੀ ਵਧਾਉਣ, ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਚ ਸਮੂਹ ਇਕਾਈਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ, ਤਰਕਸ਼ੀਲ ਟੀ. ਵੀ., ਕਾਨੂੰਨ ਵਿਭਾਗ ਤੇ ਸ਼ੋਸ਼ਲ ਮੀਡੀਆ ਵਿਭਾਗ ਨੂੰ ਹੋਰ ਸਰਗਰਮ ਕਰਨ ਅਤੇ ਤਰਕਸ਼ੀਲ ਸਾਹਿਤ ਵੈਨ ਦੇ ਸਾਲਾਨਾ ਪ੍ਰੋਗਰਾਮ ਤੋਂ ਇਲਾਵਾ ਇਕਾਈ ਪੱਧਰ ਤੇ ਮੀਟਿੰਗਾਂ, ਪਰਿਵਾਰਕ ਮਿਲਣੀਆਂ, ਪਾਠਕ ਮਿਲਣੀਆਂ, ਚੇਤਨਾ ਸੈਮੀਨਾਰਾਂ ਅਤੇ ਸਿਖਲਾਈ ਵਰਕਸ਼ਾਪਾਂ ਦੀ ਲਗਾਤਾਰਤਾ ਬਣਾਈ ਰੱਖਣ ਅਤੇ ਵਧ ਤੋਂ ਵਧ ਔਰਤਾਂ, ਵਿਦਿਆਰਥੀਆਂ, ਨੌਜਵਾਨਾਂ ਨੂੰ ਸ਼ਾਮਿਲ ਕਰਕੇ ਸੁਸਾਇਟੀ ਦਾ ਘੇਰਾ ਹੋਰ ਵਿਸ਼ਾਲ ਕਰਨ ਆਦਿ ਖੇਤਰਾਂ ਵਿਚ ਹੋਰ ਵਧ ਸਰਗਰਮ ਹੋਣ ਦੀ ਲੋੜ ਉਤੇ ਜੋਰ ਦਿੱਤਾ ਗਿਆ।

ਇਸ ਮੌਕੇ ਪੰਜਾਬ ਸਮੇਤ ਦੇਸ਼ ਵਿਚ ਦਿਨੋਂ ਦਿਨ ਵਧ ਰਹੇ ਅੰਧ ਵਿਸ਼ਵਾਸਾਂ, ਧਾਰਮਿਕ ਕੱਟੜਵਾਦ, ਡੇਰਾਵਾਦ, ਬਾਬਾਵਾਦ, ਜਮਹੂਰੀ ਹੱਕਾਂ ਦੀ ਉਲੰਘਣਾ, ਸਿੱਖਿਆ ਦੇ ਵਧ ਰਹੇ ਭਗਵੇਂਕਰਨ, ਵਪਾਰੀਕਰਨ ਅਤੇ ਦੇਸ਼ ਵਿਚ ਵਧ ਰਹੇ ਫ਼ਿਰਕੂ ਫਾਸ਼ੀਵਾਦ ਦੇ ਹਮਲਿਆਂ ਦੇ ਖਿਲਾਫ਼ ਤਰਕਸ਼ੀਲ ਸੁਸਾਇਟੀ ਵੱਲੋਂ ਸਮਾਜ ਵਿਚ ਵਿਗਿਆਨਕ ਅਤੇ ਜਮਾਤੀ ਚੇਤਨਾ ਦੀ ਲਹਿਰ ਨੂੰ ਹੋਰ ਤੇਜੀ ਨਾਲ ਵਿਕਸਤ ਕਰਨ ਦੇ ਇਲਾਵਾ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਵਾਉਣ ਲਈ ਜੱਥੇਬੰਦਕ ਯਤਨ ਹੋਰ ਤੇਜ ਕਰਨ ਦਾ ਫੈਸਲਾ ਕੀਤਾ ਗਿਆ।

# ਅਮਰੀਕਾ ਦੇ ਦਬਾਅ ਹੇਠ ਭਾਰਤੀ ਹਿੱਤਾਂ ਦੀ ਕੁਰਬਾਨੀ ਦੇ ਰਹੀ ਹੈ ਕੇਂਦਰ ਸਰਕਾਰ: ਸਚਿਨ ਪਾਇਲਟ

## ਕਾਂਗਰਸੀ ਆਗੂ ਨੇ ਕੇਂਦਰ 'ਤੇ ਅਮਰੀਕਾ ਦੇ ਜਵਾਬੀ ਟੈਕਸ ਖ਼ਿਲਾਫ਼ ਕਦਮ ਨਾ ਚੁੱਕਣ ਦਾ ਦੋਸ਼ ਲਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਅਮਰੀਕਾ ਵੱਲੋਂ ਨਵੇਂ ਟੈਕਸ ਲਾਏ ਜਾਣ ਨੂੰ ਲੈ ਕੇ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਾਂਗਰਸ ਦੇ ਜਨਰਲ ਸਕੱਤਰ ਸਚਿਨ ਪਾਇਲਟ (Congress general secretary Sachin Pilot) ਨੇ ਦੋਸ਼ ਲਾਇਆ ਕਿ ਸਰਕਾਰ ਸੁੱਤੀ ਪਈ ਹੈ ਅਤੇ ਭਾਰਤੀ ਹਿੱਤਾਂ ਦੀ ਕੁਰਬਾਨੀ ਦੇਣ ਲਈ ਅਮਰੀਕੀ ਦਬਾਅ ਹੇਠ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ( Prime Minister Narendra Modi) ਨੂੰ ਆਪਣੀ ਪਿਛਲੀ ਅਮਰੀਕਾ



ਯਾਤਰਾ ਦੌਰਾਨ ਸਿਰਫ਼ ਤਸਵੀਰਾਂ ਖਿਚਵਾਉਣ ਤੇ ਤੋਹਫ਼ਿਆਂ ਦਾ ਲੈਣ-ਦੇਣ ਕਰਨ ਦੀ ਥਾਂ ਰਚਨਾਤਮਕ ਹੱਲ ਕੱਢਣਾ ਚਾਹੀਦਾ ਸੀ। ਪਾਇਲਟ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਦੁਨੀਆ ਅਮਰੀਕਾ ਵੱਲੋਂ ਲਾਏ ਗਏ ਜਵਾਬੀ ਟੈਕਸ 'ਤੇ ਪ੍ਰਤੀਕਿਰਿਆ ਜ਼ਾਹਿਰ ਕਰ ਰਹੀ ਹੈ, ਭਾਰਤ ਸਰਕਾਰ ਸਿਰਫ਼ ਸਮਾਂ ਲੰਘਾ ਰਹੀ ਹੈ ਅਤੇ ਸਭ ਕੁਝ ਕਿਸਮਤ 'ਤੇ ਛੱਡ ਰਹੀ ਹੈ।

ਸਾਬਕਾ ਕਾਰਪੋਰੇਟ ਮੰਤਰੀ (former minister for Corporate Affairs) ਨੇ ਆਖਿਆ ਕਿ ਅਮਰੀਕਾ ਨੇ ਜੋ ਕਦਮ ਚੁੱਕਿਆ, ਭਾਰਤ ਸਰਕਾਰ ਨੇ ਉਸ ਨੂੰ ਸਵੀਕਾਰ ਕਰ ਲਿਆ ਤੇ ਉਸ 'ਤੇ ਪ੍ਰਤੀਕਿਰਿਆ ਵੀ ਨਹੀਂ ਦਿੱਤੀ। ਪਾਇਲਟ ਨੇ ਕਿਹਾ, 'ਜੇ (ਅਮਰੀਕਾ ਨਾਲ) ਸਾਡੇ ਸਬੰਧ ਓਨੇ ਮਜ਼ਬੂਤ ਹੁੰਦੇ ਜਿਨ੍ਹਾਂ ਆਗੂ ਦਾਅਵਾ ਕਰਦੇ ਹਨ ਤਾਂ ਸਾਨੂੰ ਇਨ੍ਹਾਂ ਭਾਰੀ ਟੈਕਸਾਂ ਦਾ ਸਾਹਮਣਾ ਨਾ ਕਰਨਾ ਪੈਂਦਾ। ਸਪੱਸ਼ਟ ਤੌਰ 'ਤੇ ਇਸ ਦਾ ਸਾਡੀ ਦਰਾਮਦ 'ਤੇ ਗੰਭੀਰ ਅਸਰ ਪਵੇਗਾ। ਨਿਰਮਾਣ ਖੇਤਰ ਗਿਰਾਵਟ ਵੱਲ ਹੈ, ਐੱਮਐੱਸਐੱਮਈ ਨੂੰ ਝਟਕਾ ਲੱਗੇਗਾ, ਛਾਂਟੀ ਤੇ ਨੌਕਰੀਆਂ ਜਾਣ ਕਾਰਨ ਅਰਥਚਾਰੇ ਨੂੰ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ ਪਰ ਬਦਕਿਸਮਤੀ ਨਾਲ ਅਸੀਂ ਇਸ ਸਥਿਤੀ ਨਾਲ ਨਜਿੱਠਣ ਲਈ ਕੋਈ ਢੁੱਕਵੇਂ ਕਦਮ ਨਹੀਂ ਚੁੱਕੇ ਜਾਂ ਕੋਈ ਸੰਕੇਤ ਵੀ ਨਹੀਂ ਦਿੱਤੇ ਹਨ ਕਿ ਇਸ ਸੰਕਟ 'ਚੋਂ ਕਿਵੇਂ ਨਿਕਲਾਂਗੇ।'
-ਪੀਟੀਆਈ

# ਸ਼ਹੀਦ ਭਗਤ ਸਿੰਘ ਵੈਲਫੇਅਰ ਸੋਸਾਇਟੀ ਵੱਲੋਂ ਸ੍ਰੀ ਰਾਮ ਨੌਮੀ ਦੇ ਮੌਕੇ 'ਤੇ ਮੇਹਲੀ ਗੇਟ ਵਿਖੇ ਕੁਲਚਾ ਅਤੇ ਛੋਲੇ ਦਾ ਲੰਗਰ ਲਗਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ, 6 ਅਪ੍ਰੈਲ (ਸ਼ਿਵ ਕੌੜਾ) ਸ੍ਰੀ ਰਾਮ ਨੌਮੀ ਦੇ ਸ਼ੁਭ ਮੌਕੇ 'ਤੇ ਸ਼ਹੀਦ ਭਗਤ ਸਿੰਘ ਵੈਲਫੇਅਰ ਸੁਸਾਇਟੀ (ਰਜਿ.) ਫਗਵਾੜਾ ਵੱਲੋਂ ਬਾਈਆ ਮੰਦਿਰ ਮੇਹਲੀ ਗੇਟ ਵਿਖੇ ਸੁਸਾਇਟੀ ਦੇ ਚੇਅਰਮੈਨ ਰਾਜੀਵ ਚਾਹਲ (ਰਾਜੂ) ਅਤੇ ਮੁਖੀ ਸ਼ਿਵ ਸ਼ਰਮਾ ਦੀ ਦੇਖ-ਰੇਖ ਹੇਠ ਕੁਲਚੇ ਛੋਲਿਆਂ ਦਾ ਲੰਗਰ ਲਗਾਇਆ ਗਿਆ। ਜਿਸਦਾ ਉਦਘਾਟਨ ਸਮਾਜ ਸੇਵਕ ਪ੍ਰਦੀਪ ਆਹੂਜਾ ਨੇ



ਕੀਤਾ। ਉਸਨੇ ਆਪਣੇ ਹੱਥਾਂ ਨਾਲ ਰਾਹਗੀਰਾਂ ਨੂੰ ਲੰਗਰ ਵੰਡਿਆ ਅਤੇ ਉਨ੍ਹਾਂ ਨੂੰ ਸ੍ਰੀ ਰਾਮ ਨੌਮੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰਦੀਪ ਆਹੂਜਾ ਨੇ ਕਿਹਾ ਕਿ ਭਗਵਾਨ ਸ੍ਰੀ ਰਾਮ ਨਾ ਸਿਰਫ਼ ਭਾਰਤ ਦੇ ਲੋਕਾਂ ਦੇ ਵਿਸ਼ਵਾਸ ਦਾ ਕੇਂਦਰ ਹਨ ਬਲਕਿ ਭਾਰਤੀ ਸੱਭਿਅਤਾ ਦਾ ਪ੍ਰਤੀਕ ਵੀ ਹਨ। ਉਨ੍ਹਾਂ ਦਾ ਜੀਵਨ ਸਾਨੂੰ ਆਪਣੀ ਜ਼ਿੰਦਗੀ ਨੂੰ ਸ਼ਿਸ਼ਟਾਚਾਰ ਦੀਆਂ ਸੀਮਾਵਾਂ ਵਿੱਚ ਸ਼ੁੱਧ ਆਚਰਣ ਨਾਲ ਜੀਉਣ ਲਈ ਪ੍ਰੇਰਿਤ ਕਰਦਾ ਹੈ। ਸੋਸਾਇਟੀ ਦੇ ਚੇਅਰਮੈਨ ਰਾਜੂ ਚਾਹਲ ਨੇ ਸਾਰਿਆਂ ਨੂੰ ਸ੍ਰੀ ਰਾਮ ਨੌਮੀ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਤੁਹਾਨੂੰ ਬਚਪਨ ਤੋਂ ਹੀ ਆਪਣੇ ਬੱਚਿਆਂ ਨੂੰ ਮਹਾਰਿਸ਼ੀ ਵਾਲਮੀਕਿ ਰਾਮਾਇਣ ਅਤੇ ਸ੍ਰੀ ਰਾਮਚਰਿਤਮਾਨਸ ਦੀਆਂ ਕਹਾਣੀਆਂ ਸੁਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਉਨ੍ਹਾਂ ਵਿੱਚ ਚੰਗੇ ਗੁਣ ਵਿਕਸਤ ਹੋ ਸਕਣ। ਰਾਜੇਸ਼ ਪਲਟਾ, ਰਾਹੁਲ ਸ਼ੈਰੀ, ਜਸਵਿੰਦਰ ਸਾਬਾ, ਗੌਰਵ ਬੱਗਾ, ਮਨੂ ਬੇਦੀ, ਜੀਵਨ, ਸ਼ਮਾ, ਮਨੀ, ਦੀਪੂ, ਲੱਕੀ, ਵਿਸ਼ੂ ਐਰੀ, ਅਮਿਤ ਸ਼ਰਮਾ ਦੀਪੂ, ਵਿਵੇਕ ਸ਼ਰਮਾ, ਜੀਵਨ ਸਤਨਾਮਪੁਰਾ, ਬੰਟੀ ਵੱਲੋਂ ਬਹੁਤ ਹੀ ਪਿਆਰ ਨਾਲ ਲੰਗਰ ਵਰਤਾਇਆ ਗਿਆ।

# ਰੈਡੀਕਲ ਫ਼ੋਰਮ ਤੇ ਜ਼ੁਟਾਨ ਵੱਲੋਂ ਕਾਮਰੇਡ ਦਰਸ਼ਨ ਖਟਕੜ ਸਨਮਾਨਿਤ

- ਕਾਰਪੋਰੇਟ ਫਾਸ਼ੀਵਾਦ ਨੂੰ ਹਰਾਉਣ ਲਈ ਤਮਾਮ ਜਮਹੂਰੀ ਤੇ ਤਰੱਕੀ ਪਸੰਦ ਸ਼ਕਤੀਆਂ ਹੋਣ ਇਕਜੁੱਟ ,,,,,- ਕਾ.ਦਰਸਨ ਖਟਕੜ
- ਵਕਫ਼ ਐਕਟ ਵਿੱਚ ਸੋਧਾਂ ਅਤੇ ਤੇਲਗੂ ਕਵਿੱਤਰੀ ਰੇਣੁਕਾ ਨੂੰ ਝੂਠੇ ਮੁਕਾਬਲੇ ਵਿੱਚ ਮਾਰਨ ਦੀ ਸਖ਼ਤ ਨਿਖੇਧੀ ,

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 06 ਅਪਰੈਲ
INTERNATIONAL PAPER, 9463601616
hardipchumber57@gmail.com






ਮਾਨਸਾ, 6 ਅਪ੍ਰੈਲ (ਆਤਮਾ ਸਿੰਘ ਪਮਾਰ) ਸਥਾਨਕ ਬਾਬਾ ਬੂਝਾ ਸਿੰਘ ਯਾਦਗਾਰ ਭਵਨ ਵਿਖੇ ਜੁਝਾਰਵਾਦੀ ਕਵਿਤਾ ਦੇ ਸਿਰਮੌਰ ਹਸਤਾਖ਼ਰ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਦੇ ਉੱਘੇ ਆਗੂ ਕਾ. ਦਰਸ਼ਨ ਖਟਕੜ ਨਾਲ ਰੈਡੀਕਲ ਪੀਪਲਜ਼ ਫੋਰਮ ਅਤੇ ਜੁਟਨ ਵਲੋਂ ਇੱਕ ਭਰਵੀਂ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਦੀ ਪ੍ਰਧਾਨਗੀ ਮੈਡਮ ਮਨਜੀਤ ਕੌਰ ਔਲਖ, ਕਾ. ਨਛੱਤਰ ਸਿੰਘ ਖੀਵਾ, ਓਮ ਪ੍ਰਕਾਸ਼ ਸਰਦੂਲਗੜ੍ਹ, ਬਲਵਿੰਦਰ ਕੌਰ ਖਾਰਾ ਅਤੇ ਡਾ. ਗੁਰਚਰਨ ਸਿੰਘ ਰਾਏਕੋਟ 'ਤੇ ਅਧਾਰਿਤ ਪ੍ਰਧਾਨਗੀ ਮੰਡਲ ਵੱਲੋਂ ਕੀਤੀ ਗਈ। ਖਟਕੜ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮਾਰਕਸਵਾਦ ਇੱਕ ਅਜਿਹੀ ਵਿਚਾਰਧਾਰਾ ਹੈ ਜੋ ਮੁਸ਼ਕਿਲ ਤੋਂ ਮੁਸ਼ਕਿਲ ਹਾਲਤਾਂ ਵਿੱਚ ਵੀ ਹੱਕੀ ਜੱਦੋਜਹਿਦਾਂ ਨੂੰ ਅੱਗੇ ਵਧਾਉਣ ਦਾ ਰਸਤਾ ਕੱਢ ਲੈਂਦੀ ਹੈ। ਅੱਜ ਇਸ ਵਿਚਾਰਧਾਰਾ ਦੀ ਸੇਧ ਵਿੱਚ ਕਾਰਪੋਰੇਟ ਫ਼ਾਸ਼ੀਵਾਦ ਖ਼ਿਲਾਫ਼ ਲਗਾਤਾਰ ਲੜਾਈ ਨੂੰ ਵਿਆਪਕ ਅਧਾਰ ਦੇਣ ਅਤੇ ਤਮਾਮ ਤਰੱਕੀ ਪਸੰਦ ਸ਼ਕਤੀਆਂ ਨੂੰ ਇਕਜੁੱਟ ਕਰਨ ਦੀ ਜ਼ਰੂਰਤ ਹੈ। ਸਾਮਰਾਜਵਾਦ ਦੇ ਆਪਣੇ ਅੰਦਰੂਨੀ ਸੰਕਟ ਹੁਣ ਮੁੜ ਤਿੱਖੇ ਹੋ ਚੁੱਕੇ ਹਨ, ਡੌਨਾਲਡ ਟਰੰਪ ਵਲੋਂ ਸ਼ੁਰੂ ਕੀਤੀ ਟਰੇਡ ਵਾਰ ਇਸੇ ਸੰਕਟ ਦਾ ਸੂਚਕ ਹੈ। ਸਮਾਗਮ ਦੇ ਆਰੰਭ ਵਿੱਚ ਕਾ. ਨਛੱਤਰ ਸਿੰਘ ਖੀਵਾ ਨੇ ਸਭ ਨੂੰ ਜੀ ਆਇਆਂ ਕਿਹਾ। ਕਾ. ਸੁਖਦਰਸ਼ਨ ਨੱਤ ਨੇ ਪ੍ਰੋਗਰਾਮ ਦੀ ਰੂਪ ਰੇਖਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਅਜਿਹੇ ਸਮਾਗਮਾਂ ਦੀ ਲੋੜ ਅਤੇ ਮੌਜੂਦਾ ਦੌਰ 'ਚ ਇਨ੍ਹਾਂ ਦੀ ਭੂਮਿਕਾ ਬਾਰੇ ਵੀ ਚਰਚਾ ਕੀਤੀ।

ਉੱਘੇ ਕਹਾਣੀਕਾਰ ਅਜਮੇਰ ਸਿੱਧੂ ਨੇ ਸੰਵਾਦ ਨੂੰ ਅੱਗੇ ਤੋਰਦਿਆਂ ਦਰਸ਼ਨ ਖਟਕੜ ਦੇ ਜੀਵਨ ਦੇ ਪਹਿਲੂਆਂ 'ਤੇ ਦਿਲਚਸਪ ਢੰਗ ਨਾਲ ਚਾਨਣਾ ਪਾਇਆ। ਸਰੋਕਾਰ ਮੈਗਜ਼ੀਨ ਦੇ ਸੰਪਾਦਕ ਸੁਖਵਿੰਦਰ ਪੱਪੀ ਨੇ ਕਾ.ਖਟਕੜ ਦੀ ਜ਼ਿੰਦਗੀ ਦੇ ਨਿੱਜੀ ਦੁਖਾਂਤਾਂ ਅਤੇ ਉਨ੍ਹਾਂ ਦੇ ਅਡੋਲ ਹੌਸਲੇ ਬਾਰੇ ਦੱਸਿਆ ਕਿ ਕਿਵੇਂ ਉਹਨਾਂ ਦੀ ਪਤਨੀ ਅਤੇ ਬੇਟੇ ਦੇ ਦੁੱਖਦਾਈ ਚਲਾਣੇ ਦੇ ਬਾਵਜੂਦ ਵੀ ਉਹਨਾਂ ਨੇ ਲਹਿਰ ਵਿੱਚ ਆਪਣੇ ਆਪ ਨੂੰ ਸਾਬਤ ਕਦਮੀਂ ਤੋਰੀ ਰੱਖਿਆ। ਡਾ.ਅਰਵਿੰਦਰ ਕੌਰ ਕਾਕੜਾ ਨੇ ਉਹਨਾਂ ਦੇ ਬੇਟੇ ਦੀ ਇੱਕ ਸੜਕ ਹਾਦਸੇ ਵਿੱਚ ਅਚਨਕ ਹੋਈ ਦੁਖਦਾਈ ਮੌਤ ਸਮੇਂ ਦਾ ਮਾਰਮਿਕ ਵਰਣਣ ਕੀਤਾ ਜਿਸ ਨਾਲ ਮਹੌਲ ਇੱਕ ਵਾਰ ਗਮਗੀਨ ਅਤੇ ਭਾਵੁਕ ਹੋ ਗਿਆ। ਸਾਬਕਾ ਵਿਦਿਆਰਥੀ ਆਗੂ ਅਜਾਇਬ ਸਿੰਘ ਟਿਵਾਣਾ ਨੇ ਸਮੁੱਚੇ ਦਰਸ਼ਕਾਂ ਅਤੇ ਮੰਚ ਵਲੋਂ ਸਾਂਝੇ ਰੂਪ ਵਿਚ ਮੰਗ ਰੱਖੀ ਕਿ ਕਾ. ਖਟਕੜ ਵੱਲੋਂ ਅਪਣੀਆਂ ਯਾਦਾਂ ਅਤੇ ਇਨਕਲਾਬੀ ਲਹਿਰ ਦਾ ਇਤਿਹਾਸ ਜ਼ਰੂਰ ਲਿਖਿਆ ਜਾਵੇ। ਇਸ ਦੇ ਜਵਾਬ ਵਿਚ ਕਾ. ਖਟਕੜ ਨੇ ਛੇਤੀ ਹੀ ਪੰਜਾਬ ਵਿੱਚ ਕਮਿਊਨਿਸਟ ਲਹਿਰ ਦੇ ਇਤਿਹਾਸ ਤੇ ਕੰਮ ਸ਼ੁਰੂ ਕਰਨ ਦੀ ਹਾਮੀ ਭਰਦਿਆਂ ਵਾਅਦਾ ਵੀ ਕੀਤਾ। ਇਸ ਮੌਕੇ ਪ੍ਰਬੰਧਕਾਂ ਵਲੋਂ ਅਤੇ ਬਾਬਾ ਬੂਝਾ ਸਿੰਘ ਯਾਦਗਾਰ ਟਰੱਸਟ ਵਲੋਂ ਕਾ.ਦਰਸ਼ਨ ਖਟਕੜ ਦਾ ਸਨਮਾਨ ਵੀ ਕੀਤਾ ਗਿਆ।

ਸਮਾਗਮ ਦੌਰਾਨ ਉੱਘੀ ਤੇਲਗੂ ਕਵਿੱਤਰੀ ਅਤੇ ਕਹਾਣੀਕਾਰਾ ਕਾਮਰੇਡ ਰੇਣੁਕਾ - ਜਿੰਨਾਂ ਨੂੰ ਘਰੋਂ ਚੁੱਕ ਕੇ ਝੂਠੇ ਪੁਲਿਸ ਮੁਕਾਬਲੇ 'ਚ ਮਾਰ ਦਿੱਤਾ ਗਿਆ - ਨੂੰ ਸ਼ਰਧਾਂਜਲੀ ਵੀ ਭੇਂਟ ਕੀਤੀ ਗਈ ਅਤੇ ਮੋਦੀ ਸਰਕਾਰ ਵਲੋਂ ਵਕਫ਼ ਐਕਟ ਵਿੱਚ ਕੀਤੀਆਂ ਮਨਮਾਨੀਆਂ ਵਾਲੀਆਂ ਸੋਧਾਂ ਬਾਰੇ ਨਿਖੇਧੀ ਦਾ ਮਤਾ ਵੀ ਪਾਸ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰ ' ਚ ਸਾਬਕਾ ਅਧਿਆਪਕ ਆਗੂ ਓਮ ਪ੍ਰਕਾਸ਼ ਸਰਦੂਲਗੜ੍ਹ ਨੇ ਸਮੂਹ ਮਹਿਮਾਨਾਂ, ਸਰੋਤਿਆਂ ਅਤੇ ਦੂਰ ਦੁਰਾਡੇ ਤੋਂ ਪਹੁੰਚੇ ਸਾਥੀਆਂ ਦਾ ਧੰਨਵਾਦ ਕੀਤਾ।

ਮੰਚ ਸੰਚਾਲਨ ਦੀ ਭੂਮਿਕਾ ਸ਼ਾਇਰ ਰਾਜਵਿੰਦਰ ਮੀਰ ਨੇ ਬਾਖੂਬੀ ਨਿਭਾਈ। ਵਿਚਾਰ ਚਰਚਾ ਸਮਾਗਮ ਦਾ ਸਮੁੱਚਾ ਪ੍ਰਬੰਧ ਅਮੋਲਕ ਡੇਲੂਆਣਾ, ਰਾਜਵਿੰਦਰ ਮੀਰ, ਜਸਪਾਲ ਖੋਖਰ, ਕੁਲਵਿੰਦਰ ਬੱਛੋਆਣਾ, ਓਮ ਪ੍ਰਕਾਸ਼ ਸਰਦੂਲਗੜ੍ਹ, ਸਿਕੰਦਰ ਸਿੰਘ ਘਰਾਂਗਣਾਂ, ਹਰਗਿਆਨ ਢਿੱਲੋਂ, ਜਸਬੀਰ ਕੌਰ ਨੱਤ ਗੁਰਪਿਆਰ ਕੋਟਲੀ, ਜਸਬੀਰ ਭੰਮੇ ਅਤੇ ਅਮਨਦੀਪ ਸਿੰਘ 'ਤੇ ਅਧਾਰਿਤ ਟੀਮ ਵੱਲੋਂ ਕੀਤਾ ਗਿਆ।

# ਅਧਿਆਪਕਾਂ ਨੂੰ ਕੁੱਟ ਕੇ ਪੰਜਾਬ ਸਰਕਾਰ ਨੇ ਪੂਰਿਆ ਘਪਲੇਬਾਜ਼ਾਂ ਦਾ ਪੱਖ: ਮਨਜੀਤ ਸਿੰਘ ਧਨੇਰ

- ਅਧਿਆਪਕ ਕੁੜੀਆਂ ਨੂੰ ਕੁੱਟ ਕੇ ਥਾਣਿਆਂ ਵਿੱਚ ਬੰਦ ਕਰਨਾ ਸਰਕਾਰ ਦੀ ਘਿਰਣਤ ਕਾਰਵਾਈ: ਗੁਰਦੀਪ ਰਾਮਪੁਰਾ
- ਲੋਕਾਂ ਦੀ ਜ਼ੁਬਾਨ ਬੰਦ ਕਰਨ ਦਾ ਭਰਮ ਪਾਲ ਰਹੀ ਹੈ ਪੰਜਾਬ ਸਰਕਾਰ: ਹਰਨੇਕ ਮਹਿਮਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 06 ਅਪਰੈਲ
INTERNATIONAL PAPER, 9463601616
hardipchumber57@gmail.com



ਦਲਜੀਤ ਕੌਰ
ਬਰਨਾਲਾ, 6 ਅਪ੍ਰੈਲ, 2025: ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਪੰਜਾਬ ਪੁਲਿਸ ਵੱਲੋਂ ਬਠਿੰਡਾ ਜ਼ਿਲ੍ਹੇ ਦੇ ਚਾਉਕੇ ਪਿੰਡ ਦੇ ਆਦਰਸ਼ ਸਕੂਲ ਦੇ ਅਧਿਆਪਕਾਂ ਦੀ ਕੁੱਟਮਾਰ ਕਰਕੇ ਥਾਣਿਆਂ ਵਿੱਚ ਡੱਕਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਜਥੇਬੰਦੀ ਦੀ ਸੂਬਾ ਕਮੇਟੀ ਵੱਲੋਂ ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ ਗਿਆ ਕਿ ਇਸ ਆਦਰਸ਼ ਸਕੂਲ ਦੇ ਅਧਿਆਪਕਾਂ ਨੇ ਕਾਫ਼ੀ ਸਮਾਂ ਪਹਿਲਾਂ ਮੈਨੇਜਮੈਂਟ ਵੱਲੋਂ ਕੀਤੀਆਂ ਘਪਲੇਬਾਜ਼ੀਆਂ ਦੀ ਸ਼ਿਕਾਇਤ ਉੱਚ ਅਧਿਕਾਰੀਆਂ ਨੂੰ ਕੀਤੀ ਸੀ। ਸਕੂਲ ਦੀ ਮੈਨੇਜਮੈਂਟ ਵੱਲੋਂ ਸ਼ਿਕਾਇਤ ਕਰਨ ਵਾਲੇ ਅਧਿਆਪਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਪਰ ਸਰਕਾਰ ਨੇ ਮੈਨੇਜਮੈਂਟ ਦੇ ਖਿਲਾਫ ਕੋਈ ਵੀ ਕਾਰਵਾਈ ਨਹੀਂ ਕੀਤੀ ਉਲਟਾ ਅਧਿਆਪਕ ਕੁੜੀਆਂ ਦੀ ਕੁੱਟਮਾਰ ਕਰਕੇ ਉਹਨਾਂ ਨੂੰ ਥਾਣਿਆਂ ਵਿੱਚ ਬੰਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਹੋਰ ਅਧਿਆਪਕਾਂ ਅਤੇ ਕਿਸਾਨ ਕਿਸਾਨ ਆਗੂਆਂ ਨੂੰ ਵੀ ਗਿਰਫ਼ਤਾਰ ਕਰਕੇ ਉਹਨਾਂ ਦੀਆਂ ਗੱਡੀਆਂ ਵਗੈਰਾ ਜਬਤ ਕੀਤੀਆਂ ਹੋਈਆਂ ਹਨ।

ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਦੱਸਿਆ ਕਿ ਪਹਿਲਾਂ ਵੀ ਇੱਕ ਦਿਨ ਅਧਿਆਪਕਾਂ ਦੀ ਧੂਹ ਘੜੀਸ ਕਰਕੇ ਧਰਨਾ ਪੱਟ ਦਿੱਤਾ ਗਿਆ ਸੀ ਪਰ ਜਨਤਕ ਜਥੇਬੰਦੀਆਂ ਦੀ ਹਮਾਇਤ ਨਾਲ ਅਧਿਆਪਕਾਂ ਨੇ ਧਰਨਾ ਦੁਬਾਰਾ ਸ਼ੁਰੂ ਕਰ ਦਿੱਤਾ। ਪੁਲਿਸ ਨੇ ਦੁਬਾਰਾ ਫਿਰ ਅਧਿਆਪਕਾਂ ਤੇ ਭਾਰੀ ਜਬਰ ਕਰਕੇ ਅਤੇ ਅਧਿਆਪਕ ਕੁੜੀਆਂ ਦੀ ਕੁੱਟਮਾਰ ਕਰਕੇ ਘਪਲੇਬਾਜ਼ਾਂ ਦਾ ਪੱਖ ਪੂਰਿਆ ਹੈ। ਭ੍ਰਿਸ਼ਟਾਚਾਰ ਦੇ ਖਿਲਾਫ਼ ਸਾਰਾ ਦਿਨ ਫੋਕੀਆਂ ਫੜ੍ਹਾਂ ਮਾਰਨ ਵਾਲੀ ਪੰਜਾਬ ਸਰਕਾਰ ਉਲਟਾ ਸ਼ਿਕਾਇਤ ਕਰਨ ਵਾਲੇ ਅਧਿਆਪਕਾਂ ਦੀ ਕੁੱਟਮਾਰ ਕਰਕੇ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਜਥੇਬੰਦੀ ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਦੱਸਿਆ ਕਿ ਇਸ ਧੱਕੇਸ਼ਾਹੀ ਦੇ ਖਿਲਾਫ ਅੱਜ ਜਥੇਬੰਦੀਆਂ ਵੱਲੋਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਅੱਗੇ ਰੋਸ ਧਰਨੇ ਦਿੱਤੇ ਗਏ ਹਨ। ਇਹਨਾਂ ਧਰਨਿਆਂ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਜੋ ਵੀ ਪ੍ਰੋਗਰਾਮ ਅਧਿਆਪਕਾਂ ਦੀ ਹਮਾਇਤ ਵਿੱਚ ਦਿੱਤਾ ਜਾਵੇਗਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਡਟ ਕੇ ਸਾਥ ਦੇਵੇਗੀ।

ਜਥੇਬੰਦੀ ਦੀ ਸੂਬਾ ਕਮੇਟੀ ਦਾ ਕਹਿਣਾ ਹੈ ਕਿ ਭਗਵੰਤ ਮਾਨ ਸਰਕਾਰ ਯੂਪੀ ਦੇ ਮੁੱਖ ਮੰਤਰੀ ਯੋਗੀ ਦੀ ਤਰਜ ਤੇ ਚੱਲ ਕੇ ਦਹਿਸ਼ਤ ਪਾਉਣਾ ਚਾਹੁੰਦੀ ਹੈ। ਉਹਨਾਂ ਵਾਂਗੂੰ ਹੀ ਬੁਲਡੋਜ਼ਰ ਚਲਾਉਣੇ, ਝੂਠੇ ਪੁਲਿਸ ਮੁਕਾਬਲੇ ਬਣਾਉਣੇ ਅਤੇ ਸੰਘਰਸ਼ ਕਰਨ ਵਾਲੇ ਲੋਕਾਂ ਦੀ ਜ਼ੁਬਾਨ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਸਰਕਾਰ ਵੱਡੇ ਭੁਲੇਖੇ ਵਿੱਚ ਹੈ। ਲੋਕਾਂ ਨੇ ਵੱਡੇ ਵੱਡੇ ਤਾਨਾਸ਼ਾਹਾਂ ਦੇ ਨੱਕ ਮੋੜ ਦਿੱਤੇ ਹਨ। ਭਗਵੰਤ ਮਾਨ ਸਰਕਾਰ ਨੂੰ ਵੀ ਮੂੰਹ ਦੀ ਖਾਣੀ ਪਵੇਗੀ।

# ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਤਰਵਿੰਦਰ ਕੌਰ ਨੇ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਨਾਲ ਕੀਤੀ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 06 ਅਪਰੈਲ
INTERNATIONAL PAPER, 9463601616
hardipchumber57@gmail.com



ਸੰਗਰੂਰ,6 ਅਪ੍ਰੈਲ ( ਜਗਸੀਰ ਸਿੰਘ)- ਮਾਣਯੋਗ ਜ਼ਿਲ੍ਹਾ ਸਿੱਖਿਆ ਅ ਫ ਸ ਰ ( ਸੈ . ਸਿੱ . ) ਸੰਗਰੂਰ,ਮੈਡਮ ਤਰਵਿੰਦਰ ਕੌਰ ਵੱਲੋਂ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਨਾਲ ਡੀ.ਸੀ.ਕੰਪਲੈਕਸ ਦੇ ਆਡੀਟੋਰੀਅਮ ਵਿਖੇ ਮੀਟਿੰਗ ਕੀਤੀ ਗਈ। ਇਹ ਮੀਟਿੰਗ ਬੜੇ ਹੀ ਸਕਾਰਾਤਮਕ ਅਤੇ ਸੁਖਾਵੇਂ ਮਾਹੌਲ ਵਿੱਚ ਕੀਤੀ ਗਈ।ਇਸ ਮੀਟਿੰਗ ਵਿੱਚ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਨੂੰ ਸਿੱਖਿਆ ਵਿਭਾਗ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਗਿਆ। ਮੈਡਮ ਤਰਵਿੰਦਰ ਕੌਰ ਵੱਲੋਂ ਆਪਣੇ ਭਾਸ਼ਣ ਦੌਰਾਨ ਇਹਨਾਂ ਨੀਤੀਆਂ ਬਾਰੇ ਦੇ ਮਕਸਦ ਨੂੰ ਸਫ਼ਲਤਾ ਪੂਰਵਕ ਪ੍ਰਾਪਤ ਕੀਤਾ ਜਾ ਸਕੇ । ਉਨ੍ਹਾਂ ਦੱਸਿਆ ਕਿ ਕੇਂਦਰ

ਅਤੇ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਜੋ ਵੀ ਪ੍ਰੋਜੈਕਟ ਚਲਾਏ ਜਾਂਦੇ ਹਨ ਉਹਨਾਂ ਨੂੰ ਪੂਰਾ ਕਰਨਾ ਜਿੱਥੇ ਸਾਡਾ ਫ਼ਰਜ਼ ਹੈ, ਉੱਥੇ ਸਾਡੇ ਕੋਲ ਸਿੱਖਿਆ ਦੇ ਉਦੇਸ਼ਾਂ ਨੂੰ ਪੂਰਾ ਕਰਨ ਦਾ ਸੁਨਹਿਰੀ ਮੌਕਾ ਵੀ ਹੈ। ਇਹ ਪ੍ਰੋਜੈਕਟ

ਅੱਜ ਦੇ ਸਮੇਂ ਦੀ ਅਹਿਮ ਲੋੜ ਹਨ,ਸੋ ਸਾਨੂੰ ਸਾਰਿਆਂ ਨੂੰ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਸਮੇਂ ਦਾ ਹਾਣੀ ਹੋਣ ਦੀ ਲੋੜ ਹੈ। ਜ਼ਿਕਰਯੋਗ ਹੈ ਵੀ ਮੁਖੀਆਂ ਨੂੰ ਸੰਬੋਧਨ ਕੀਤਾ ਗਿਆ ਅਤੇ ਜ਼ਿਲ੍ਹੇ ਦੇ ਬਲਾਕ ਨੋਡਲ ਅਫਸਰਾਂ ਨਾਲ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਦੀ ਜਾਣ-ਪਛਾਣ ਕਰਵਾਈ। ਇਸ ਤਰ੍ਹਾਂ ਜੇ ਕਿਸੇ ਵੀ ਸਕੂਲ ਮੁਖੀ ਨੂੰ ਕੋਈ ਦਿੱਕਤ ਪੇਸ਼ ਆਉਂਦੀ ਹੈ ਜਾਂ ਵਧੇਰੇ ਜਾਣਕਾਰੀ ਦੀ ਲੋੜ ਹੈ ਤਾਂ ਬਲਾਕ ਨੋਡਲ ਅਫ਼ਸਰ ਸਾਹਿਬਾਨ ਵੱਲੋਂ ਉਸ ਸਮੱਸਿਆ ਦੇ ਹੱਲ ਵਿੱਚ ਸਹਿਯੋਗ ਦਿੱਤਾ ਜਾਵੇਗਾ ਅਤੇ ਵਧੇਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।ਇਸ ਤਰ੍ਹਾਂ ਇਹ ਮੀਟਿੰਗ ਸਕੂਲ ਮੁਖੀਆਂ ਲਈ ਕਾਫ਼ੀ ਲਾਹੇਵੰਦ ਤੇ ਪ੍ਰੇਰਨਾਦਾਇਕ ਰਹੀ,ਜਿਸ ਨਾਲ ਬਿਹਤਰੀਨ ਨਤੀਜੇ ਪ੍ਰਾਪਤ ਹੋਣਗੇ। ਸਕੂਲ ਮੁਖੀਆਂ ਵੱਲੋਂ ਇਸ ਮੀਟਿੰਗ ਦੀ ਸਰਾਹਨਾ ਕੀਤੀ ਗਈ ਅਤੇ ਇਹਨਾਂ ਨੀਤੀਆਂ ਨੂੰ ਲਾਗੂ ਕਰਨ ਅਤੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨ ਦਾ ਵੀ ਭਰੋਸਾ ਦਿੱਤਾ ਗਿਆ। ਇਸ ਮੀਟਿੰਗ ਵਿੱਚ ਸ਼ਾਮਲ ਜ਼ਿਲ੍ਹੇ ਦੇ ਬਲਾਕ ਨੋਡਲ ਅਫ਼ਸਰ ਬਿਪਨ ਚਾਵਲਾ ਚੀਮਾਂ, ਹਰਪ੍ਰੀਤ ਸਿੰਘ ਸੰਗਰੂਰ-1, ਜਸਬੀਰ ਕੌਰ ਸੰਗਰੂਰ -2, ਮਨੀਸ਼ਾ ਸ਼ਰਮਾਂ ਸੁਨਾਮ-1,ਮਨਜੋਤ ਕੌਰ ਸੁਨਾਮ-2, ਦਿਲਦੀਪ ਕੌਰ ਲਹਿਰਾਗਾਗਾ, ਗੁਰਿੰਦਰ ਸਿੰਘ ਸ਼ੇਰਪੁਰ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਤੇ ਬੀ.ਐਨ.ਓ.ਸੰਗਰੂਰ-1 ਹਰਪ੍ਰੀਤ ਸਿੰਘ ਵੱਲੋਂ ਮੰਚ ਦਾ ਸੰਚਾਲਨ ਖ਼ੂਬਸੂਰਤ ਤਰੀਕੇ ਨਾਲ ਕੀਤਾ ਗਿਆ

# ਸੰਗਰੂਰ ਵਿਖੇ ਖੁੱਲਿਆ ਫਿਜੀਓਥਰੈਪੀ ਸੈਂਟਰ, ਜ਼ਿਲ੍ਹੇ ਦੇ ਲੋਕਾਂ ਨੂੰ ਮਿਲੇਗੀ ਵੱਡੀ ਰਾਹਤ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 06 ਅਪਰੈਲ
INTERNATIONAL PAPER, 9463601616
hardipchumber57@gmail.com

ਸੰਗਰੂਰ,6 ਅਪ੍ਰੈਲ (ਜਗਸੀਰ ਲੌਂਗੋਵਾਲ) - ਸੰਗਰੂਰ ਦੀ ਧੋਬੀਆਂ ਵਾਲੀ ਗਲੀ ਵਿਖੇ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਫਿਜੀਓਥਰੇਪੀ ਸੈਂਟਰ ਖੁੱਲ ਗਿਆ ਹੈ ,ਅੱਜ ਇਸ ਸੈਂਟਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾ ਕੇ ਵਾਹਿਗੁਰੂ ਜੀ ਦਾ ਓਟ ਆਸਰਾ ਲੈ ਕੇ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਸ ਸਮੇਂ ਗੱਲਬਾਤ ਕਰਦਿਆਂ ਸੈਂਟਰ ਦੇ ਮਾਲਕ ਡਾਕਟਰ ਰੇਨੂ ਬਾਬਾ ਪੀਟੀ ਨੇ ਦੱਸਿਆ ਕਿ ਇਸ ਫਿਜੀਓਥਰੇਪੀ ਸੈਂਟਰ ਵਿਖੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਜਾਵੇਗੀ ਅਤੇ ਲੋਕਾਂ ਦਾ ਬਹੁਤ ਹੀ ਸਸਤੇ ਰੇਟ ਵਿੱਚ ਤਸੱਲੀ ਬਖਸ਼ ਇਲਾਜ ਕੀਤਾ ਜਾਵੇਗਾ, ਗਰੀਬ ਜਨਤਾ ਨੂੰ ਵੱਡੇ ਹਸਪਤਾਲਾਂ ਦੀ ਲੁੱਟ ਖਸੁੱਟ ਦਾ ਸ਼ਿਕਾਰ ਵੀ ਨਹੀਂ ਹੋਣਾ ਪਵੇਗਾ। ਅੱਜ ਉਦਘਾਟਨੀ ਸਮਾਰੋਹ ਵਿੱਚ ਪਹੁੰਚੇ ਇਲਾਕੇ ਦੇ ਉੱਘੇ ਸਮਾਜ ਸੇਵਕ ਵਾਤਾਵਰਨ ਪ੍ਰੇਮੀ, ਭਾਰਤੀ ਅੰਬੇਡਕਰ ਮਿਸ਼ਨ ਭਾਰਤ ਦੇ ਜਨਰਲ ਸਕੱਤਰ ,ਪਿੰਡ ਉੱਭਾਵਾਲ ਦੇ ਸਾਬਕਾ ਸਰਪੰਚ, ਸ੍ਰੀ ਪਾਲੀ ਸਿੰਘ ਕਮਲ ਅਤੇ ਉਹਨਾਂ ਦੀ ਟੀਮ ਵੱਲੋਂ ਡਾਕਟਰ ਰੇਨੂ ਬਾਬਾ ਦਾ ਸਿਰਪਾਓ ਪਾ ਕੇ ਅਤੇ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ ।ਇਸ ਮੌਕੇ ਸ੍ਰੀ ਪਾਲੀ ਸਿੰਘ ਕਮਲ ਨੇ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਇਹ ਸੰਗਰੂਰ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਸਾਡੀ ਪਿਆਰੀ ਬੇਟੀ ਰੇਨੂ ਬਾਬਾ ,ਜਿਨਾਂ ਅੰਦਰ ਸੇਵਾ ਭਾਵਨਾ ਬਹੁਤ ਹੀ ਜਿਆਦਾ ਹੈ।ਉਨ੍ਹਾਂ ਕਿਹਾ ਕਿ ਜਦੋਂ ਕੋਈ ਡਾਕਟਰ ਮਰੀਜ਼ ਨਾਲ ਆਪਣੇ ਪਰਿਵਾਰ ਦੀ ਤਰ੍ਹਾਂ ਅਤੇ ਨਰਮ ਵਿਵਹਾਰ ਕਰਦਾ ਹੈ ਤਾਂ ਉਸ ਦਾ ਅੱਧਾ ਰੋਗ ਉਸ ਸਮੇਂ ਹੀ ਦੂਰ ਹੋ ਜਾਂਦਾ ਹੈ। ਦੀ ਪਾਲੀ ਸਿੰਘ ਕਮਲ ਨੇ ਕਿਹਾ ਕਿ ਸੰਗਰੂਰ ਦੇ ਲੋਕਾਂ ਨੂੰ ਇਸ ਫਿਜੀਓਥਰੇਪੀ ਸੈਂਟਰ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ । ਇਸ ਉਪਰੰਤ ਡਾਕਟਰ ਰੇਨੂ ਬਾਬਾ ਅਤੇ ਉਸਦੇ ਪਰਿਵਾਰ ਵੱਲੋਂ ਸ੍ਰੀ ਪਾਲੀ ਸਿੰਘ ਕਮਲ ਅਤੇ ਉਹਨਾਂ ਦੀ ਸਮੁੱਚੀ ਟੀਮ ਦਾ ਵੀ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ । ਇਸ ਮੌਕੇ ਭਾਰਤੀ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ, ਜਗਤਾਰ ਸਿੰਘ ਬਾਵਾ, ਅਮਿਤ ਕੁਮਾਰ ਗਰੀਬਾਂ, ਅਮਨ ਬਾਵਾ ਅਤੇ ਵੱਡੀ ਗਿਣਤੀ ਦੇ ਵਿੱਚ ਸ਼ਹਿਰ ਦੇ ਪਤਵੰਤੇ ਵਿਅਕਤੀ ਵੀ ਸ਼ਾਮਿਲ ਸਨ।

# ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ( ਰਜਿ. ) ਪੰਜਾਬ ਵਲੋਂ

## ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਪੁਰਬ ਹਰਿਦੁਆਰ ਵਿਖੇ ਸ਼ਰਧਾ ਪੂਰਵਕ ਮਨਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪ੍ਰੈਲ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ/ ਹਰਿਦੁਆਰ 6 ਅਪ੍ਰੈਲ (ਤਰਸੇਮ ਦੀਵਾਨਾ ) ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਅਗਵਾਈ ਹੇਠ ਸ਼ਰਧਾ ਪੂਰਵਕ ਮਨਾਏ ਗਏ। ਪਹਿਲਾਂ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਤੋਂ ਉਪਰੰਤ ਰਾਗੀ ਜਥਿਆਂ, ਸੰਤਾਂ ਮਹਾਂਪੁਰਸ਼ਾਂ ਵਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ ਦੀ ਸਰਪ੍ਰਸਤੀ ਹੇਠ ਸਜਾਏ ਗਏ ਵਿਸ਼ਾਲ ਸਮਾਗਮਾਂ ਦੌਰਾਨ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਵਲੋਂ ਸਮੂਹ ਸੰਤਾਂ, ਮਹਾਂਪੁਰਸ਼ਾਂ ਅਤੇ ਸੰਗਤਾਂ, ਹਰਿਦੁਆਰ ਪੁਲਿਸ, ਪ੍ਰਸ਼ਾਸਨ ਦਾ ਸੁਚੱਜੇ ਪ੍ਰਬੰਧਾਂ ਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਸੁਸਾਇਟੀ ਵਲੋਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਜਥੇਬੰਦੀਆਂ ਦੇ ਆਗੂਆਂ ਦਾ ਸਿਰਪਾਓ ਤੇ ਮਮੈਂਟੋ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਉਤਰਾਖੰਡ ਸਰਕਾਰ ਦੇ ਕੈਬਨਿਟ ਮੰਤਰੀ ਦੇਸ਼ ਰਾਜ ਕਰਨਵਾਲ, ਰਾਜੀਵ ਸਵਰੂਪ ਆਈ ਜੀ ਗੜਵਾਲ ਮੰਡਲ ਉਤਰਾਖੰਡ ਨੇ ਸਰਕਾਰ ਵਲੋਂ ਵਿਸ਼ੇਸ਼ ਤੌਰ ਤੇ ਹਾਜਰੀ ਭਰੀ। ਇਸ ਮੌਕੇ ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ, ਸੰਤ ਪ੍ਰਗਟ ਨਾਥ ਬਾਲਯੋਗੀ, ਸੰਤ ਵਿਨੈ ਮੁਨੀ ਜੰਮੂ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਕੁਲਦੀਪ ਦਾਸ, ਸੰਤ ਬੀਬੀ ਕੁਲਦੀਪ ਕੌਰ , ਸੰਤ ਬੀਬੀ ਕਮਲੇਸ਼ ਕੁਮਾਰੀ ਨਾਹਲਾਂ,ਸੰਤ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਹਰਮੀਤ ਸਿੰਘ ਬਣਾ ਸਾਹਿਬ, ਪ੍ਰੀਤ ਰਵਿਦਾਸੀਆ ਜਥਾ ਹਰਿਆਣਾ, ਸੰਤ ਭਗਵਾਨ ਦਾਸ ਅਬਾਦਪੁਰਾ, ਸੰਤ ਦਿਲਦਾਰ ਸਿੰਘ, ਸੰਤ ਸਤੀਸ਼ ਦਾਸ ਹਾਬਜ਼ੀ ਮੋੜ ਪੁੜੀ, ਸੰਤ ਗੁਰਨਾਮ ਦਾਸ ਪੁੜੀ ਕੈਥਲ, ਸੰਤ ਗੁਰਮੀਤ ਦਾਸ, ਰਜੇਸ਼ ਦਾਸ ਬਜਵਾੜਾ, ਸੰਤ ਮਨੋਹਰ ਦਾਸ ਲਿੱਧੜਾਂ, ਵੀ ਹਾਜਰ ਸਨ। ਇਸ ਮੌਕੇ ਡਾ. ਰਾਹੁਲ ਭਾਰਤੀ ਰਾਸ਼ਟਰੀ ਪ੍ਰਧਾਨ ਸਮਾਜਵਾਦੀ ਪਾਰਟੀ, ਆਸ਼ੂ ਨਿਰਮਲ ਸਟੇਟ ਪ੍ਰਧਾਨ ਆਮ ਆਦਮੀ ਪਾਰਟੀ, ਰਾਜਵੀਰ ਸਿੰਘ ਇੰਸਪੈਕਟਰ ਗਾਜ਼ੀਆਬਾਦ, ਪੁਸ਼ਪਿੰਦਰ ਰਾਵਤ ਸਾਬਕਾ ਪ੍ਰਧਾਨ, ਰਾਮ ਕੁਮਾਰ ਰਾਣਾ ਸਟੇਟ ਪ੍ਰਧਾਨ ਬਸਪਾ, ਬਿਰਜੇਸ਼ ਕੁਮਾਰ ਜਿਲਾ ਪ੍ਰਧਾਨ ਬਸਪਾ ਹਰਿਦੁਆਰ, ਵਿਜੇ ਪਾਲ ਸਿੰਘ ਮੰਡਲ ਪ੍ਰਧਾਨ ਭਾਜਪਾ ਵੀ ਹਾਜਰ ਸਨ।

# ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 27 ਅਪ੍ਰੈਲ ਨੂੰ ਹੋਣ ਵਾਲੀ ਸਮਲਿੰਗੀ ਪਰੇਡ ਤੇ ਲਗਾਈ ਜਾਵੇ ਰੋਕ - ਸ.ਅੰਮ੍ਰਿਤਪਾਲ ਸਿੰਘ ਸਿੱਧੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ, 6 ਅਪ੍ਰੈਲ (ਜਗਸੀਰ ਸਿੰਘ) -ਪੰਜਾਬ ਵਾਸੀਆਂ ਖਾਸਕਰ ਅੰਮ੍ਰਿਤਸਰ ਨਿਵਾਸੀਆਂ ਲਈ ਇਹ ਖਬਰ ਬੇਹਦ ਸ਼ਰਮਿੰਦਾ ਕਰਨ ਵਾਲੀ ਹੈ ਕਿ ਜਿਸ ਗੁਰੂ ਨਗਰੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ ਧਰਮਯੁੱਧ ਲੜਿਆ ਗਿਆ ਸੀ ਤੇ ਇਸ ਸੰਘਰਸ਼ ਵਿਚ ਲੱਖਾਂ ਸਿੰਘਾਂ ਨੇ ਜਾਨਾ ਕੁਰਬਾਨ ਕੀਤੀਆਂ ਸਨ ਹੁਣ ਉਸੇ ਨਗਰੀ ਵਿਚ ਸਮਲਿੰਗੀ ਪਰੇਡ ਹੋਣ ਜਾ ਰਹੀ ਹੈ,ਸ਼ਰਮਨਾਕ ਗਲ ਇਹ ਵੀ ਹੈ ਕਿ ਇਸ ਪਰੇਡ ਵਿਚ ਸਾਬਤ ਸੂਰਤ ਸਿੱਖ ਨੌਜਵਾਨ ਵੀ ਭਾਗ ਲੈ ਰਹੇ ਹਨ। ਜਾਣਕਾਰੀ ਮੁਤਾਬਿਕ ਇਹ ਪਰੇਡ 27 ਅਪ੍ਰੈਲ ਨੂੰ ਅੰਮ੍ਰਿਤਸਰ ਦੇ ਰੋਜ਼ ਗਾਰਡਨ ਤੇ ਸ਼ੁਰੂ ਹੋਵੇਗੀ ਤੇ ਸ਼ਹਿਰ ਦੇ ਵੱਖ ਵੱਖ ਭਾਗਾਂ ਵਿਚੋਂ ਦੀ ਲੰਘੇਗੀ ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ ਇਸ ਪਰੇਡ ਵਿਚ ਵੱਡੀ ਗਿਣਤੀ ਵਿਚ ਸਮਲਿੰਗੀ ਸ਼ਾਮਲ ਹੋਣਗੇ । ਪੰਥਕ ਜਥੇਬੰਦੀਆਂ ਵਲੋਂ ਸਮਲਿੰਗੀਆਂ ਦੀ ਇਸ ਹਰਕਤ ਦਾ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ ਪਰਾਇਡ ਪਰੇਡ 2025 ਨਾਮਕ ਇਸ ਸਮਲਿੰਗੀ ਪਰੇਡ ਬਾਰੇ ਗਲ ਕਰਦਿਆਂ ਸ੍ਰ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਕਿ ਹਰ ਸਿੱਖ ਦਾ ਫਰਜ਼ ਬਣਦਾ ਹੈ ਕਿ ਉਹ ਇਸ ਪਰੇਡ ਦਾ ਵਿਰੋਧ ਕਰੇ ਤਾਂ ਕਿ ਇਸ ਪਰੇਡ ਨੂੰ ਸਾਡੇ ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਵਿਖੇ ਹੋਣ ਤੋਂ ਰੋਕਿਆ ਜਾ ਸਕੇ ਸਮੇਂ ਸਮੇਂ ਤੇ ਕੁਝ ਸ਼ਰਾਰਤੀ ਲੋਕ ਇਸ ਤਰ੍ਹਾਂ ਦੀਆਂ ਚਾਲਾਂ ਚੱਲਦੇ ਰਹਿੰਦੇ ਹਨ ਪਰ ਆਮ ਲੋਕਾਂ ਨੂੰ ਇਹਨਾਂ ਚਾਲਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਇਸ ਵਿੱਚ ਭਾਗ ਵੀ ਨਹੀਂ ਲੈਣਾ ਚਾਹੀਦਾ ਹੋਰ ਪੂਰਾ ਭਾਰਤ ਪਿਆ ਹੈ ਕਿਤੇ ਵੀ ਇਹ ਪਰੇਡ ਕੀਤੀ ਜਾ ਸਕਦੀ ਹੈ ਜਾਣ ਬੁੱਝ ਕੇ ਸਿੱਖਾਂ ਦੇ ਅਕਸ ਨੂੰ ਠੇਸ ਪਹੁੰਚਾਉਣ ਵਾਸਤੇ ਲਈ ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਇਸ ਪਰੇਡ ਲਈ ਚੁਣਿਆ ਗਿਆ ਹੈ,ਸਿੱਖਾਂ ਦੇ ਅਕਸ ਨੂੰ ਢਾਹ ਲਾਉਣ ਵਾਸਤੇ ਹੀ ਇਸ ਵਿੱਚ ਸਿੱਖ ਨੌਜਵਾਨਾਂ ਨੂੰ ਸ਼ਾਮਿਲ ਕੀਤਾ ਜਾ ਰਿਹਾ। ਇਸ ਪਰੇਡ ਦੇ ਸੰਯੋਜਕਾਂ ਨੂੰ ਤਾੜਨਾ ਕਰਦੇ ਹੋਏ ਸਿੱਧੂ ਲੌਂਗੋਵਾਲ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਕੋਝੀਆਂ ਹਰਕਤਾਂ ਤੋਂ ਬਾਜ ਆ ਜਾਓ ਨਹੀਂ ਤਾਂ ਇਸਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ।

# ਸੰਗਰੂਰ ਵਿਖੇ ਖੁੱਲਿਆ ਫਿਜ਼ੀਓਥਰੈਪੀ ਸੈਂਟਰ, ਜ਼ਿਲ੍ਹੇ ਦੇ ਲੋਕਾਂ ਨੂੰ ਮਿਲੇਗੀ ਵੱਡੀ ਰਾਹਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,6 ਅਪ੍ਰੈਲ (ਜਗਸੀਰ ਲੌਂਗੋਵਾਲ) - ਸੰਗਰੂਰ ਦੀ ਧੋਬੀਆਂ ਵਾਲੀ ਗਲੀ ਵਿਖੇ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਫਿਜ਼ੀਓਥਰੈਪੀ ਸੈਂਟਰ ਖੁੱਲ ਗਿਆ ਹੈ ,ਅੱਜ ਇਸ ਸੈਂਟਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾ ਕੇ ਵਾਹਿਗੁਰੂ ਜੀ ਦਾ ਓਟ ਆਸਰਾ ਲੈ ਕੇ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਸ ਸਮੇਂ ਗੱਲਬਾਤ ਕਰਦਿਆਂ ਸੈਂਟਰ ਦੇ ਮਾਲਕ ਡਾਕਟਰ ਰੇਨੂੰ ਬਾਬਾ ਪੀਟੀ ਨੇ ਦੱਸਿਆ ਕਿ ਇਸ ਫਿਜ਼ੀਓਥਰੈਪੀ ਸੈਂਟਰ ਵਿਖੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਜਾਵੇਗੀ ਅਤੇ ਲੋਕਾਂ ਦਾ ਬਹੁਤ ਹੀ ਸਸਤੇ ਰੇਟ ਵਿੱਚ ਤਸੱਲੀ ਬਖਸ਼ ਇਲਾਜ ਕੀਤਾ ਜਾਵੇਗਾ, ਗਰੀਬ ਜਨਤਾ ਨੂੰ ਵੱਡੇ ਹਸਪਤਾਲਾਂ ਦੀ ਲੁੱਟ ਖਸੁੱਟ ਦਾ ਸ਼ਿਕਾਰ ਵੀ ਨਹੀਂ ਹੋਣਾ ਪਵੇਗਾ। ਅੱਜ ਉਦਘਾਟਨੀ ਸਮਾਰੋਹ ਵਿੱਚ ਪਹੁੰਚੇ ਇਲਾਕੇ ਦੇ ਉੱਘੇ ਸਮਾਜ ਸੇਵਕ ਵਾਤਾਵਰਨ ਪ੍ਰੇਮੀ, ਭਾਰਤੀ ਅੰਬੇਡਕਰ ਮਿਸ਼ਨ ਭਾਰਤ ਦੇ ਜਨਰਲ ਸਕੱਤਰ ,ਪਿੰਡ ਉੱਭਾਵਾਲ ਦੇ ਸਾਬਕਾ ਸਰਪੰਚ, ਸ੍ਰੀ ਪਾਲੀ ਸਿੰਘ ਕਮਲ ਅਤੇ ਉਹਨਾਂ ਦੀ ਟੀਮ ਵੱਲੋਂ ਡਾਕਟਰ ਰੇਨੂੰ ਬਾਬਾ ਦਾ ਸਿਰਪਾਓ ਪਾ ਕੇ ਅਤੇ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ ।ਇਸ ਮੌਕੇ ਸ੍ਰੀ ਪਾਲੀ ਸਿੰਘ ਕਮਲ ਨੇ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਇਹ ਸੰਗਰੂਰ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਸਾਡੀ ਪਿਆਰੀ ਬੇਟੀ ਰੇਨੂੰ ਬਾਬਾ ,ਜਿਨਾਂ ਅੰਦਰ ਸੇਵਾ ਭਾਵਨਾ ਬਹੁਤ ਹੀ ਜਿਆਦਾ ਹੈ।ਉਨ੍ਹਾਂ ਕਿਹਾ ਕਿ ਜਦੋਂ ਕੋਈ ਡਾਕਟਰ ਮਰੀਜ਼ ਨਾਲ ਆਪਣੇ ਪਰਿਵਾਰ ਦੀ ਤਰ੍ਹਾਂ ਅਤੇ ਨਰਮ ਵਿਵਹਾਰ ਕਰਦਾ ਹੈ ਤਾਂ ਉਸ ਦਾ ਅੱਧਾ ਰੋਗ ਉਸ ਸਮੇਂ ਹੀ ਦੂਰ ਹੋ ਜਾਂਦਾ ਹੈ। ਸ੍ਰੀ ਪਾਲੀ ਸਿੰਘ ਕਮਲ ਨੇ ਕਿਹਾ ਕਿ ਸੰਗਰੂਰ ਦੇ ਲੋਕਾਂ ਨੂੰ ਇਸ ਫਿਜ਼ੀਓਥਰੈਪੀ ਸੈਂਟਰ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ । ਇਸ ਉਪਰੰਤ ਡਾਕਟਰ ਰੇਨੂੰ ਬਾਬਾ ਅਤੇ ਉਸਦੇ ਪਰਿਵਾਰ ਵੱਲੋਂ ਸ੍ਰੀ ਪਾਲੀ ਸਿੰਘ ਕਮਲ ਅਤੇ ਉਹਨਾਂ ਦੀ ਸਮੁੱਚੀ ਟੀਮ ਦਾ ਵੀ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ । ਇਸ ਮੌਕੇ ਭਾਰਤੀ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ, ਜਗਤਾਰ ਸਿੰਘ ਬਾਵਾ, ਅਮਿਤ ਕੁਮਾਰ ਗਰੀਬਾਂ, ਅਮਨ ਬਾਵਾ ਅਤੇ ਵੱਡੀ ਗਿਣਤੀ ਦੇ ਵਿੱਚ ਸ਼ਹਿਰ ਦੇ ਪਤਵੰਤੇ ਵਿਅਕਤੀ ਵੀ ਸ਼ਾਮਿਲ ਸਨ।

# ਬੱਚਿਆਂ ਵਿੱਚ ਮੋਬਾਇਲ ਫੋਨ ਵੇਖਣ ਦਾ ਵੱਧ ਰਿਹਾ ਰੁਝਾਨ ਖਤਰੇ ਦੀ ਘੰਟੀ : ਸ਼ਿਵਮ ਸ਼ਰਮਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਸ਼੍ਰੀ ਸ਼ਿਵਮ ਸ਼ਰਮਾ

ਜ਼ੀਰਾ 6 ਅਪ੍ਰੈਲ ( ਅੰਗਰੇਜ਼ ਬਰਾੜ ) - ਅਜੋਕੇ ਤਕਨੀਕੀ ਯੁੱਗ ਵਿੱਚ ਮੋਬਾਇਲ ਫੋਨ ਹਰ ਇੱਕ ਵਿਅਕਤੀ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ ਅਤੇ ਮੋਬਾਇਲ ਤੋਂ ਬਿਨਾਂ ਜ਼ਿੰਦਗੀ ਅਧੂਰੀ ਲੱਗਣ ਲੱਗ ਪਈ ਹੈ ਪਰ ਛੋਟੇ ਬੱਚਿਆਂ ਵਿੱਚ ਵੀ ਮੋਬਾਇਲ ਫੋਨ ਦੇਖਣ ਦਾ ਵੱਧ ਰਿਹਾ ਰੁਝਾਨ ਖਤਰੇ ਦੀ ਘੰਟੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਫਿਰੋਜ਼ਪੁਰ ਗਰੁੱਪ ਆਫ ਕਾਲਜ ਫਿਰੋਜ਼ਸ਼ਾਹ (ਫਿਰੋਜ਼ਪੁਰ) ਦੇ ਜਨਰਲ ਸੈਕਟਰੀ ਸ੍ਰੀ ਸ਼ਿਵਮ ਸ਼ਰਮਾ ਨੇ ਫਿਰੋਜ਼ਪੁਰ ਵਿਖੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਕਿਹਾ ਕਿ ਮੋਬਾਇਲ ਫੋਨ ਬੱਚਿਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਕਰਦਾ ਹੋਇਆ ਉਹਨਾਂ ਦੇ ਦਿਮਾਗਾਂ ਤੇ ਅਸਰ ਪਾਉਣ ਦੇ ਨਾਲ ਬੱਚਿਆਂ ਦੀ ਨਜ਼ਰ ਵੀ ਘਟਾ ਰਿਹਾ ਹੈ। ਘਰਾਂ ਵਿੱਚ ਛੋਟੇ ਬੱਚੇ ਆਪਣੇ ਮੰਮੀ ਡੈਡੀ ਜਾਂ ਦਾਦਾ ਦਾਦੀ ਨਾਲ ਲਾਡ ਪਿਆਰ ਕਰਦੇ ਹੋਏ ਉਹਨਾਂ ਤੋਂ ਮੋਬਾਇਲ ਫੋਨ ਲੈ ਲੈਂਦੇ ਹਨ ਫਿਰ ਗੇਮਾਂ ਜਾਂ ਕਾਰਟੂਨ ਦੇਖਦੇ ਰਹਿੰਦੇ ਹਨ। ਮੋਬਾਈਲਾਂ ਵਿੱਚ ਚੱਲਦੀਆਂ ਗੇਮਾਂ ਅਤੇ ਕਾਰਟੂਨ ਬੱਚਿਆਂ ਦੇ ਬ੍ਰੇਨ ਤੇ ਡੂੰਘਾ ਅਸਰ ਪਾਉਂਦੇ ਹਨ। ਸ਼ਿਵਮ ਸ਼ਰਮਾ ਨੇ ਅੱਗੇ ਕਿਹਾ ਕਿ ਬੱਚੇ ਬਹੁਤ ਜਲਦ ਅਮਲੀਆਂ ਵਾਂਗ ਮੋਬਾਇਲ ਫੋਨਾਂ ਦੇ ਨਸ਼ੇ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਕਿਹਾ ਕਿ ਹੁਣ ਤਾਂ ਕਈ ਹਸਪਤਾਲਾਂ ਦੀ ਐਡ ਵਿੱਚ ਸਪੈਸ਼ਲ ਲਿਖਿਆ ਹੁੰਦਾ ਹੈ ਕਿ ਬੱਚਿਆਂ ਦੀ ਮੋਬਾਇਲ ਫੋਨ ਦੀ ਆਦਤ ਤੋਂ ਛੁਟਕਾਰਾ ਪੁਆਉਣ ਲਈ ਉਹਨਾਂ ਦੇ ਹਸਪਤਾਲਾਂ ਨਾਲ ਸੰਪਰਕ ਕੀਤਾ ਜਾਵੇ। ਉਹਨਾਂ ਇਹ ਵੀ ਕਿਹਾ ਕਿ ਅਜਿਹਾ ਬਹੁਤ ਸਾਰੇ ਮਾਪੇ ਕਰ ਵੀ ਰਹੇ ਹਨ। ਸ਼ਿਵਮ ਸ਼ਰਮਾ ਨੇ ਅੱਗੇ ਕਿਹਾ ਕਿ ਬੱਚਿਆਂ ਦੇ ਨਾਲ ਅਸੀਂ ਸਭ ਵੀ ਮੋਬਾਇਲ ਫੋਨਾਂ ਦੀ ਆਦਤ ਦਾ ਸ਼ਿਕਾਰ ਹੋ ਚੁੱਕੇ ਹਾਂ ਅਤੇ ਹੋ ਰਹੇ ਹਾਂ ਸਾਨੂੰ ਵੀ ਮੋਬਾਇਲ ਦੀ ਇਸ ਆਦਤ ਤੋਂ ਛੁਟਕਾਰਾ ਪਾਉਣ ਲਈ ਚੰਗੀਆਂ ਕਿਤਾਬਾਂ ਪੜ੍ਹਨ ਵੱਲ ਧਿਆਨ ਦੇਣਾ ਪਵੇਗਾ। ਉਹਨਾਂ ਕਿਹਾ ਕਿ ਫਿਰੋਜ਼ਪੁਰ ਗਰੁੱਪ ਆਫ ਕਾਲਜ ਦੇ ਅਧੀਨ ਚੱਲ ਰਹੇ ਟੀ ਬੀ ਐੱਸ ਇੰਟਰਨੈਸ਼ਨਲ ਪਬਲਿਕ ਸਕੂਲ ਫਿਰੋਜ਼ਸ਼ਾਹ ਵਿੱਚ ਅਧਿਆਪਕਾਂ ਵੱਲੋਂ ਵਿਸ਼ੇਸ਼ ਇੱਕ ਪੀਰੀਅਡ ਬੱਚਿਆਂ ਨੂੰ ਮੋਬਾਇਲ ਫੋਨ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਸੰਬੰਧੀ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸ਼੍ਰੀ ਸ਼ਿਵਮ ਸ਼ਰਮਾ ਦੇ ਨਾਲ ਫਿਰੋਜ਼ਪੁਰ ਗਰੁੱਪ ਆਫ਼ ਕਾਲਜ ਫਿਰੋਜ਼ਸ਼ਾਹ ਦੇ ਚੇਅਰਮੈਨ ਸ੍ਰੀ ਹੀਰਾ ਲਾਲ ਸ਼ਰਮਾ, ਟੀ ਬੀ ਐੱਸ ਇੰਟਰਨੈਸ਼ਨਲ ਪਬਲਿਕ ਦੇ ਮਨੈਜਿੰਗ ਡਾਇਰੈਕਟਰ ਮੈਡਮ ਦੀਪਾਲੀ ਸ਼ਰਮਾ, ਪ੍ਰਿੰਸੀਪਲ ਰੇਖਾ ਪਾਸੀ ਆਦਿ ਹਾਜ਼ਰ ਸਨ।

# ਨਿਆਂਇਕ ਨਿਯੁਕਤੀਆਂ ਲਈ ਕੌਲਿਜੀਅਮ ਪ੍ਰਣਾਲੀ ਬਦਲਣ ਦਾ ਸਮਾਂ: Ashwani Kumar

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪ੍ਰੈਲ
INTERNATIONAL PAPER, 94636 01616
hardipchumber57@gmail.com

ਸਾਬਕਾ ਕੇਂਦਰੀ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਨੇ ਅੱਜ ਕਿਹਾ ਕਿ ਨਿਆਂਇਕ ਨਿਯੁਕਤੀਆਂ ਦੀ ਮੌਜੂਦਾ ਕੌਲਿਜੀਅਮ ਪ੍ਰਣਾਲੀ (present collegium system) ਨੂੰ ਬਦਲਣ ਦਾ ਸਮਾਂ ਦਾ ਸਮਾਂ ਆ ਗਿਆ ਹੈ ਅਤੇ ਜੱਜਾਂ ਦੀ ਨਿਯੁਕਤੀ ਲਈ ਬਦਲਵੇਂ ਤੰਤਰ ਦੇ ਪੱਖ 'ਚ 'ਜਨਤਾ ਦੀ ਰਾਏ ਮਜ਼ਬੂਤੀ ਨਾਲ' (processes of public opinion are moving robustly) ਅੱਗੇ ਵੱਧ ਰਹੀ ਹੈ। ਉਨ੍ਹਾਂ ਸੁਪਰੀਮ ਕੋਰਟ ਦੇ ਜੱਜਾਂ 'ਤੇ ਲੱਗੇ ਦੋਸ਼ਾਂ ਸਮੇਤ ਨਿਆਂਪਾਲਿਕਾ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਦੇ ਹੱਲ ਲਈ ਇੱਕ ਮਜ਼ਬੂਤ ਬਦਲਵਾਂ ਤੰਤਰ ਸਥਾਪਤ ਕਰਨ ਦਾ ਵੀ ਸੱਦਾ ਦਿੱਤਾ। ਸਾਬਕਾ ਕੇਂਦਰੀ ਮੰਤਰੀ ਨੇ ਪੀਟੀਆਈ ਨਾਲ ਇੱਕ ਇੰਟਰਵਿਊ 'ਚ ਨਿਆਂਪਾਲਿਕਾ ਅੰਦਰਲੀਆਂ ਸਮੱਸਿਆਵਾਂ ਦੂਰ ਕਰਨ ਲਈ ਤੰਤਰ, ਨਿਆਂਇਕ ਨਿਯੁਕਤੀਆਂ ਤੇ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ (NJAC) ਅਤੇ ਸੰਸਦ ਵੱਲੋਂ ਪਾਸ ਕਾਨੂੰਨਾਂ ਨੂੰ ਅਦਾਲਤਾਂ 'ਚ ਲਗਾਤਾਰ ਚੁਣੌਤੀ ਦਿੱਤੇ ਜਾਣ ਜਿਹੇ ਕਈ ਮੁੱਦਿਆਂ 'ਤੇ ਗੱਲ ਕੀਤੀ।

# ਰਾਹੁਲ ਗਾਂਧੀ ਸੋਮਵਾਰ ਨੂੰ ਕਰਨ ਬਿਹਾਰ ਦੌਰਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 06 ਅਪ੍ਰੈਲ
INTERNATIONAL PAPER, 94636 01616
hardipchumber57@gmail.com



ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 7 ਅਪਰੈਲ ਨੂੰ ਬਿਹਾਰ ਆਉਣਗੇ ਅਤੇ ਇੱਥੇ ਬੇਗੂਸਰਾਏ ਵਿੱਚ ਪੈਦਲ ਮਾਰਚ 'ਚ ਹਿੱਸਾ ਲੈਣ ਤੋਂ ਇਲਾਵਾ ਪਟਨਾ 'ਚ ਦੋ ਸਮਾਗਮਾਂ ਨੂੰ ਵੀ ਸੰਬੋਧਨ ਕਰਨਗੇ। ਇਹ ਜਾਣਕਾਰੀ ਬਿਹਾਰ ਕਾਂਗਰਸ ਦੇ ਪ੍ਰਧਾਨ ਰਾਜੇਸ਼ ਕੁਮਾਰ ਨੇ ਦਿੱਤੀ। ਉਨ੍ਹਾਂ ਇੱਥੇ ਸੂਬਾਈ ਕਾਂਗਰਸ ਦੇ ਹੈੱਡਕੁਆਰਟਰ ਸਦਾਕਤ ਆਸ਼ਰਮ 'ਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ Leader of the Opposition in Lok Sabha Rahul Gandhi ਰਾਹੁਲ ਗਾਂਧੀ ਸਵੇਰੇ ਪਟਨਾ ਪੁੱਜਣਗੇ ਅਤੇ ਇੱਥੋਂ ਸੂਬਾ ਪੱਧਰੀ ਪੈਦਲ ਯਾਤਰਾ ਜਾਂ 'ਹਿਜਰਤ ਰੋਕੋ, ਨੌਕਰੀ ਦਿਓ' ਮਾਰਚ 'ਚ ਹਿੱਸਾ ਲੈਣ ਲਈ ਬੇਗੂਸਰਾਏ ਆਉਣਗੇ। ਰਾਏਬਰੇਲੀ ਤੋਂ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਐਕਸ 'ਤੇ ਇੱਕ ਵੀਡੀਓ ਸਾਂਝੀ ਕਰਦਿਆਂ ਬਿਹਾਰ ਦੇ ਨੌਜਵਾਨਾਂ ਨੂੰ 'ਚਿੱਟੀਆਂ ਟੀ-ਸ਼ਰਟਾਂ' ਪਹਿਨ ਕੇ ਮਾਰਚ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ, ''ਸਾਡਾ ਮਕਸਦ ਬਿਹਾਰ ਦੇ ਨੌਜਵਾਨਾਂ ਦੀ ਬਦਹਾਲੀ ਵੱਲ ਦੁਨੀਆ ਦਾ ਧਿਆਨ ਦਿਵਾਉਣਾ ਹੈ ਜੋ ਦਿਨੋਂ-ਦਿਨ ਸਰਕਾਰੀ ਨੌਕਰੀਆਂ ਦੀ ਘਾਟ ਕਾਰਨ ਪ੍ਰੇਸ਼ਾਨ ਹਨ ਤੇ ਉਨ੍ਹਾਂ ਨੂੰ ਨਿੱਜੀਕਰਨ ਤੋਂ ਵੀ ਕੋਈ ਲਾਭ ਨਹੀਂ ਮਿਲ ਰਿਹਾ। ਆਓ ਅਸੀਂ ਸੂਬੇ ਦੀ ਸਰਕਾਰ 'ਤੇ ਦਬਾਅ ਬਣਾਈਏ ਤੇ ਇਸ ਨੂੰ ਬਦਲੀਏ।'' -ਪੀਟੀਆਈ

# ਪਿੰਡ ਮੜੌਲੀ ਕਲਾਂ ਵਿਖੇ ਪੰਜ ਰੋਜ਼ਾ ਧਾਰਮਿਕ ਦੀਵਾਨ ਸ਼ੁਰੂ

## ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਾਬਾ ਬਲਜੀਤ ਸਿੰਘ ਦਾਦੂਵਾਲ ਅਤੇ ਬਾਬਾ ਹਰਪ੍ਰੀਤ ਸਿੰਘ ਬੱਲ ਵਿਸ਼ੇਸ਼ ਤੌਰ ਤੇਚ ਪਹੁੰਚੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com




ਮੋਰਿੰਡਾ 6 ਅਪ੍ਰੈਲ,(ਪਤਰ ਪ੍ਰੇਰਕ,) ਨਜ਼ਦੀਕੀ ਪਿੰਡ ਮੜੌਲੀ ਕਲਾਂ ਵਿਖੇ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਪੰਜ ਰੋਜ਼ਾ ਕਥਾ ਅਤੇ ਕੀਰਤਨ ਦਰਬਾਰ ਦੇ ਦੂਜੇ ਦਿਨ ਅੱਜ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਾਬਾ ਬਲਜੀਤ ਸਿੰਘ ਦਾਦੂਵਾਲ, ਅਤੇ ਬਾਬਾ ਹਰਪ੍ਰੀਤ ਸਿੰਘ ਬੱਲ ਵਿਸ਼ੇਸ਼ ਤੌਰ ਤੇ ਪਹੁੰਚੇ । ਇਸ ਸਮੇਂ ਇਲਾਕੇ ਭਰ ਤੋਂ ਵਡੀ ਗਿਣਤੀ ਵਿੱਚ ਸੰਗਤਾਂ ਵਿਸ਼ੇਸ਼ ਤੌਰ ਤੇ ਬੀਬੀਆਂ ਅਤੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਗਮ ਦੇ ਮੁੱਖ ਪ੍ਰਬੰਧਕ ਬਾਬਾ ਸੁਰਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਇਸ ਮੌਕੇ ਬਾਬਾ ਬਲਜੀਤ ਸਿੰਘ ਦਾਦੂਵਾਲ, ਭਾਈ ਪਰਮਜੀਤ ਸਿੰਘ ਨਥਮਲ ਪੁਰ ਭਾਈ ਜਸਵੀਰ ਸਿੰਘ ਸ੍ਰੀ ਅਨੰਦਪੁਰ ਸਾਹਿਬ ਨੇ ਅਪਣੇ ਜਥਿਆਂ ਸਮੇਤ ਸ਼ਾਮ 5 ਵਜੇ ਤੋਂ ਰਾਤੀ 10 ਵਜੇ ਤੱਕ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ । ਇਸ ਸਮੇਂ ਦੌਰਾਨ ਪ੍ਰਬੰਧਕਾਂ ਵੱਲੋਂ ਸਮਾਗਮ ਵਿੱਚ ਹਾਜ਼ਰੀ ਭਰਨ ਵਾਲੇ ਜਥਿਆਂ, ਪਤਵੰਤੇ ਸੱਜਣਾ , ਵਿਸ਼ੇਸ਼ ਤੌਰ ਤੇ ਪਹੁੰਚੇ ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਬਾਬਾ ਹਰਪ੍ਰੀਤ ਸਿੰਘ ਬੱਲ ਨੂੰ ਯਾਦਗਾਰੀ ਚਿੰਨ੍ਹ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗਿਆਨੀ ਸੁਲੱਖਣ ਸਿੰਘ,ਪਰਮਜੀਤ ਸਿੰਘ ਪੰਮਾ, ਸੁਦਾਗਰ ਸਿੰਘ ਮਾਨ, ਟਿੰਕੂ ਮਾਨ, ਤਰਲੋਚਨ ਸਿੰਘ ਫੌਜੀ, ਗੁਰਦੀਪ ਸਿੰਘ, ਮਾਸਟਰ ਜਸਪਾਲ ਸਿੰਘ, ਜਥੇਦਾਰ ਸ਼ਮਸ਼ੇਰ ਸਿੰਘ, ਦਿਲਵੀਰ ਸਿੰਘ, ਓਂਕਾਰ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਢੀਂਡਸਾ, ਪਰਮਿੰਦਰ ਸਿੰਘ ਟੋਨਾ ਅਤੇ ਸੁਖਵਿੰਦਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਨੇ ਪੰਜਾਬੀ ਗਾਇਕ ਹੰਸਰਾਜ ਹੰਸ ਦੀ ਪਤਨੀ ਦੇ ਦੇਹਾਂਤ ਤੇ ਕੀਤਾ ਦੁੱਖ ਦਾ ਪ੍ਰਗਟਾਵਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com




ਫਗਵਾੜਾ 6 ਅਪ੍ਰੈਲ (ਸ਼ਿਵ ਕੌੜਾ) ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਵਲੋਂ ਪ੍ਰਸਿੱਧ ਪੰਜਾਬੀ ਗਾਇਕ ਹੰਸਰਾਜ ਹੰਸ ਦੀ ਧਰਮ ਪਤਨੀ ਬੀਬੀ ਰੇਸ਼ਮ ਕੌਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਕੇਂਦਰ ਦੇ ਪ੍ਰਧਾਨ ਰਵਿੰਦਰ ਸਿੰਘ ਰਾਏ, ਚੇਅਰਮੈਨ ਜਤਿੰਦਰ ਸਿੰਘ ਖਾਲਸਾ, ਡਾ. ਐਸ ਪੀ ਮਾਨ ਡਾਇਰੈਕਟਰ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਗੁਰਨਾਮ ਸਿੰਘ ਸੈਣੀ, ਡਾ. ਸਾਗਰ ਸਿੰਘ, ਪ੍ਰੈਸ ਸਕੱਤਰ ਅਸ਼ੋਕ ਸ਼ਰਮਾ, ਪ੍ਰੀਤ ਕੌਰ ਪ੍ਰੀਤੀ, ਓਮ ਪ੍ਰਕਾਸ਼ ਪਾਲ, ਕਰਮਵੀਰ ਪਾਲ ਹੈਪੀ, ਹਰਵਿੰਦਰ ਸਿੰਘ, ਲਵਪ੍ਰੀਤ ਸਿੰਘ ਰਾਏ ਅਤੇ ਹੋਰਨਾਂ ਮੈਂਬਰਾਂ ਨੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਹੰਸ ਰਾਜ ਹੰਸ ਦੀ ਪਤਨੀ ਰੇਸ਼ਮ ਕੌਰ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਨਾਲ ਪਰਿਵਾਰ ਨੂੰ ਕਦੇ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ। ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਕਿਹਾ ਕਿ ਕਿਹਾ ਕਿ ਹੰਸ ਰਾਜ ਹੰਸ ਦੇ ਕੈਰੀਅਰ ਨੂੰ ਉਚਾਈ ਤੇ ਲੈ ਜਾਣ ਵਿੱਚ ਉਹਨਾਂ ਪਤਨੀ ਰੇਸ਼ਮ ਕੌਰ ਦਾ ਵੱਡਾ ਹੱਥ ਸੀ। ਜਿਹਨਾਂ ਨੇ ਪੁੱਤਰਾਂ ਨਵਰਾਜ ਹੰਸ ਅਤੇ ਯੁਵਰਾਜ ਹੰਸ ਸਮੇਤ ਪੂਰੇ ਪਰਿਵਾਰ ਨੂੰ ਵਧੀਆ ਤਰੀਕੇ ਨਾਲ ਸੰਭਾਲਿਆ ਉਹਨਾਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਪ੍ਰਮਾਤਮਾ ਅੱਗੇ ਅਰਦਾਸ ਵੀ ਕੀਤੀ

# ਥਾਣਾ ਝੁਨੀਰ ਅੱਗੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਧਰਨਾ ਭਲਕੇ- ਪੰਜਾਬ ਕਿਸਾਨ ਯੂਨੀਅਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com



ਮਾਨਸਾ/ਝੁਨੀਰ 5 ਅਪ੍ਰੈਲ ( ਆਤਮਾ ਸਿੰਘ ਪਮਾਰ ) - ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਸਰਕਾਰੀ ਹਸਪਤਾਲ ਵਿੱਚ ਜੇਰੇ ਇਲਾਜ ਜਗਸੀਰ ਸਿੰਘ ਝੁਨੀਰ ਦਾ ਹਾਲਚਾਲ ਪੁੱਛਣ ਲਈ ਪਹੁੰਚੇ I ਪ੍ਰੈਸ ਬਿਆਨ ਜਾਰੀ ਕਰਦਿਆਂ ਜਿਲਾ ਜਰਨਲ ਸਕੱਤਰ ਪੰਜਾਬ ਸਿੰਘ ਅਕਲੀਆ, ਪ੍ਰੈਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਦੱਸਿਆ ਕਿ ਪਿਛਲੇ ਦਿਨੀਂ ਪਿੰਡ ਵਿੱਚ ਸ਼ਰੇਆਮ ਵਿਕ ਰਹੇ ਨਸ਼ੇ ਖਿਲਾਫ਼ ਬਲਾਕ ਆਗੂ ਜਗਸੀਰ ਸਿੰਘ ਨੇ ਜਦੋਂ ਆਵਾਜ਼ ਬੁਲੰਦ ਕੀਤੀ ਤਾਂ ਨਸ਼ਾ ਵੇਚਣ ਵਾਲਿਆਂ ਦੀ ਟੀਮ ਨੇ ਸ਼ਾਮ ਦੇ ਕਰੀਬ ਛੇ ਵਜੇ ਜਗਸੀਰ ਸਿੰਘ ਦੇ ਘਰ 'ਤੇ ਹਮਲਾ ਕਰਕੇ ਉਸਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਜਿਸਦਾ ਪੰਜਾਬ ਕਿਸਾਨ ਯੂਨੀਅਨ ਨੇ ਸਖ਼ਤ ਨੋਟਿਸ ਲਿਆ I ਆਗੂਆਂ ਨੇ ਕਿਹਾ ਕਿ ਪੁਲਿਸ ਨੇ ਕਾਗਜ਼ੀ ਕਾਰਵਾਈ ਦੌਰਾਨ ਮਸਲੇ ਪ੍ਰਤੀ ਗੰਭੀਰਤਾ ਦਿਖਾਉਣ ਦੀ ਬਜਾਏ 3 ਹਮਲਾਵਰਾਂ ਖਿਲਾਫ਼ ਆਮ ਜਿਹੀ ਰਸਮੀ ਕਾਰਵਾਈ ਕੀਤੀ ਹੈ I ਉਨਾਂ ਕਿਹਾ ਕਿ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਦੇ ਵਾਅਦੇ ਤੇ ਦਾਅਵੇ ਕਰਨ ਵਾਲੀ ਮਾਨ ਸਰਕਾਰ ਦੋਸ਼ੀਆਂ "ਤੇ ਇਰਾਦਾ ਕਤਲ ਨਾਲ ਕੀਤੇ ਹਮਲੇ ਦੀ ਬਣਦੀ ਧਾਰਾ 307 ਜੋੜ ਕੇ ਤੁਰੰਤ ਗ੍ਰਿਫਤਾਰ ਕਰੇ I ਇਸ ਸਮੇਂ ਬਲਾਕ ਜਨਰਲ ਸਕੱਤਰ ਤਰਸੇਮ ਸਿੰਘ ਤਲਵੰਡੀ ਅਕਲੀਆ,ਬਲਾਕ ਆਗੂ ਲਾਭ ਸਿੰਘ ,ਪਿੰਡ ਇਕਾਈ ਆਗੂ ਕਰਨੈਲ ਸਿੰਘ ਨੇ ਕਿਹਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਨੇ ਜੱਥੇਬੰਦੀ ਦੀ ਮੰਗ ਤੇ ਜਲਦ ਗੌਰ ਨਹੀ ਕੀਤੀ ਤਾਂ ਭਲਕੇ 8 ਅਪ੍ਰੈਲ ਨੂੰ ਥਾਣਾ ਝੁਨੀਰ ਅੱਗੇ ਬਣਦੀ ਸਹੀ ਕਾਰਵਾਈ ਕਰਵਾਉਣ ਲਈ ਰੋਸ ਧਰਨਾ ਦਿੱਤਾ ਜਾਵੇਗਾ

# ਆਈਐਨਟੀਯੂਸੀ ਯੂਨੀਅਨ ਦੇ ਅਧਿਕਾਰੀਆਂ ਨੇ ਸੀਨੀਅਰ ਕਾਂਗਰਸੀ ਆਗੂਆਂ ਨਾਲ ਜੇ ਸੀ ਟੀ ਮਿੱਲ ਮਜ਼ਦੂਰਾਂ ਦੇ ਸੰਘਰਸ਼ ਬਾਰੇ ਚਰਚਾ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com



ਫਗਵਾੜਾ, 6 ਅਪ੍ਰੈਲ (ਸ਼ਿਵ ਕੌੜਾ) ਆ ਈ ਐ ਨ ਟੀ ਯੂ ਸੀ ਯੂਨੀਅਨ ਦੀ ਫਗਵਾੜਾ ਸ਼ਾਖਾ ਦੇ ਪ੍ਰਧਾਨ ਧਰਮਿੰਦਰ ਕੁਮਾਰ ਅਤੇ ਸੀਨੀਅਰ ਅਧਿਕਾਰੀ ਸ਼ਰਦਾਨੰਦ ਸਿੰਘ ਨੇ ਸ਼ਨੀਵਾਰ ਨੂੰ ਜ਼ਿਲ੍ਹਾ ਕਪੂਰਥਲਾ ਦੇ ਸੁਲਤਾਨਪੁਰ ਲੋਧੀ ਹਲਕੇ ਵਿੱਚ ਸਥਾਨਕ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਵੱਲੋਂ ਆਯੋਜਿਤ ਪਰਿਵਰਤਨ ਰੈਲੀ ਵਿੱਚ ਹਿੱਸਾ ਲਿਆ। ਆਈਐਨਟੀਯੂਸੀ ਯੂਨੀਅਨ ਦੇ ਹੋਰ ਵਰਕਰ ਵੀ ਉਨ੍ਹਾਂ ਦੇ ਨਾਲ ਸਨ। ਰੈਲੀ ਦੌਰਾਨ, ਆਈਐਨਟੀਯੂਸੀ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਰਿੰਦਰ ਕੁਮਾਰ ਸ਼ਰਮਾ ਤੋਂ ਇਲਾਵਾ, ਉਨ੍ਹਾਂ ਨੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਤੋਂ ਜੇਸੀਟੀ ਮਿੱਲ ਮਜ਼ਦੂਰਾਂ ਦੀਆਂ ਬਕਾਇਆ ਤਨਖਾਹਾਂ, ਭੱਤਿਆਂ ਅਤੇ ਪੀਐਫ ਦੀ ਮੰਗ ਕੀਤੀ। ਸਬੰਧੀ ਚੱਲ ਰਹੇ ਸੰਘਰਸ਼ ਬਾਰੇ ਚਰਚਾ ਕੀਤੀ। ਆਈਐਨਟੀਯੂਸੀ ਦੇ ਆਗੂ ਸ਼ਰਦਾਨੰਦ ਸਿੰਘ ਦੇ ਅਨੁਸਾਰ, ਜੇਸੀਟੀ ਮਿੱਲ ਮਾਮਲਾ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਸਮੁੱਚੀ ਲੀਡਰਸ਼ਿਪ ਦੇ ਗਿਆਨ ਵਿੱਚ ਹੈ। ਉਹ ਜੇਸੀਟੀ ਮਾਮਲੇ ਵਿੱਚ ਪੰਜਾਬ ਸਰਕਾਰ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਪੁਲਿਸ ਦੀ ਭੂਮਿਕਾ 'ਤੇ ਨਜ਼ਰ ਰੱਖ ਰਹੇ ਹਨ। ਪਾਰਟੀ ਦੇ ਸੀਨੀਅਰ ਆਗੂਆਂ ਨੇ ਭਰੋਸਾ ਦਿੱਤਾ ਹੈ ਕਿ ਜੇਸੀਟੀ ਮਿੱਲ ਮਾਲਕਾਂ ਵੱਲੋਂ ਕਿਸੇ ਵੀ ਹਾਲਾਤ ਵਿੱਚ ਮਜ਼ਦੂਰਾਂ ਨੂੰ ਬਕਾਇਆ ਰਾਸ਼ੀ ਦੀ ਪੂਰੀ ਅਤੇ ਅੰਤਿਮ ਅਦਾਇਗੀ ਯਕੀਨੀ ਬਣਾਈ ਜਾਵੇਗੀ। ਪੁਲਿਸ, ਪ੍ਰਸ਼ਾਸਨ ਜਾਂ ਸਰਕਾਰ ਨੂੰ ਮਿੱਲ ਮਾਲਕਾਂ ਦਾ ਪੱਖ ਬਿਲਕੁਲ ਵੀ ਨਹੀਂ ਲੈਣ ਦਿੱਤਾ ਜਾਵੇਗਾ। ਜੇ ਲੋੜ ਪਈ ਤਾਂ ਸਮੁੱਚੀ ਕਾਂਗਰਸ ਪਾਰਟੀ ਫਗਵਾੜਾ ਅਤੇ ਹੁਸ਼ਿਆਰਪੁਰ ਦੇ ਜੇਸੀਟੀ ਮਿੱਲ ਮਜ਼ਦੂਰਾਂ ਨਾਲ ਮਿਲ ਕੇ ਇੱਕ ਵੱਡਾ ਅੰਦੋਲਨ ਕਰੇਗੀ ਆਈਐਨਟੀਯੂਸੀ ਯੂਨੀਅਨ ਕਾਂਗਰਸ ਫਗਵਾੜਾ ਦੇ ਪ੍ਰਧਾਨ ਧਰਮਿੰਦਰ ਕੁਮਾਰ ਨੇ ਵੀ ਕਿਹਾ ਕਿ ਸਮੁੱਚੀ ਪੰਜਾਬ ਕਾਂਗਰਸ ਜੇਸੀਟੀ ਮਿੱਲ ਮਜ਼ਦੂਰਾਂ ਦੇ ਸੰਘਰਸ਼ ਵਿੱਚ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।

# 40 ਦੇ ਕਰੀਬ ਪਰਿਵਾਰ ਵੱਖ ਵੱਖ ਪਾਰਟੀਆਂ ਛੱਡ ਬੀਜੇਪੀ ਵਿੱਚ ਹੋਏ ਸ਼ਾਮਿਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com



ਭੀਖੀ, 06 ਅਪ੍ਰੈਲ ( ਕਮਲ ਜਿੰਦਲ ) ਭਾਜਪਾ ਮੰਡਲ ਹਮੀਰਗੜ੍ਹ ਢੈਪਈ ਦੇ ਪ੍ਰਧਾਨ ਡਾਕਟਰ ਗੁਰਤੇਜ ਸਿੰਘ ਚਹਿਲ ਦੀ ਅਗਵਾਈ ਵਿੱਚ ਪਿੰਡ ਮੂਲਾ ਸਿੰਘ ਵਾਲਾ ਵਿਖੇ ਦਰਜਨਾਂ ਪਰਿਵਾਰ ਭਾਜਪਾ ਵਿੱਚ ਸ਼ਾਮਿਲ ਹੋਏ। ਜਾਣਕਾਰੀ ਦਿੰਦਿਆਂ ਡਾਕਟਰ ਚਹਿਲ ਨੇ ਦੱਸਿਆ ਕਿ ਪਾਰਟੀ ਹਾਈ ਕਮਾਂਡ ਦੇ ਨਿਰਦੇਸ਼ਾਂ ਤੇ ਪਿੰਡਾਂ ਵਿੱਚ ਲਗਾਤਾਰ ਜਨਸੰਪਰਕ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਮਾਨਸਾ ਦੇ ਪਿੰਡ ਮੂਲਾ ਸਿੰਘ ਵਾਲਾ ਵਿਖੇ ਵਿਸ਼ੇਸ਼ ਬੈਠਕ ਤਹਿਤ ਪਿੰਡ ਦੇ 40 ਪਰਿਵਾਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਏ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਸਮੂਹ ਵਰਗਾਂ ਦਾ ਸਮਾਨਾਂਤਰ ਸਨਮਾਨ ਕਰਦੀ ਹੈ, ਦੇਸ਼ ਅਤੇ ਸੂਬੇ ਦੇ ਸਰਬ ਪੱਖੀ ਵਿਕਾਸ ਲਈ ਸਕਰਾਤਮਕ ਯਤਨ ਜਾਰੀ ਹਨ।ਇਸ ਸਮੇਂ ਹਰਪ੍ਰੀਤ ਕੌਰ, ਰਣਜੀਤ ਸਿੰਘ, ਪਾਲੀ ਕੌਰ ,ਗੁਰਜੀਤ ਸਿੰਘ, ਦਿਲਪ੍ਰੀਤ ਸਿੰਘ, ਮੇਜਰ ਸਿੰਘ, ਪ੍ਰਭਾਸ ਕੌਰ , ਨਿਰਭੈ ਸਿੰਘ,ਤੇਤਾ ਸਿੰਘ, ਜੈਮਲ ਸਿੰਘ, ਸੰਦੀਪ ਕੌਰ, ਗੁਰਜੀਤ ਸਿੰਘ, ਗੁਰਮੇਲ ਕੌਰ ,ਸੁਖਚੈਨ ਸਿੰਘ, ਦਲਜੀਤ ਕੌਰ ,ਅਵਤਾਰ ਸਿੰਘ ਬੇਬੀ, ਵੀਰਪਾਲ ਕੌਰ, ਗੁਰਮੀਤ ਕੌਰ, ਬਲਦੇਵ ਸਿੰਘ, ਲਾਲੀ ਸਿੰਘ ,ਬਲਵੀਰ ਸਿੰਘ ,ਮੂਰਤੀ ਕੌਰ, ਜਗਸੀਰ ਸਿੰਘ ,ਬਲਵਿੰਦਰ ਸਿੰਘ ,ਹਰਬੰਸ ਸਿੰਘ ,ਗੁਰਮੇਲ ਕੌਰ, ਸ਼ਿੰਦਰਪਾਲ ਸਿੰਘ, ਸੁਖਦੀਪ ਕੌਰ, ਨੈਬ ਸਿੰਘ ,ਮਨਦੀਪ ਕੌਰ, ਅੰਗਰੇਜ਼ ਕੌਰ ,ਅਮਨਦੀਪ ਸਿੰਘ, ਪਰਵੀਨ ਕੌਰ, ਬਿੰਦਰ ਸਿੰਘ, ਗੁਰਮੀਤ ਕੌਰ, ਕੁਲਦੀਪ ਕੌਰ, ਸਰਬਜੀਤ ਕੌਰ ,ਗੁਰਸਰਨਜੀਤ ਸਿੰਘ, ਜਸਵੀਰ ਕੌਰ, ਗੁਰਵਿੰਦਰ ਸਿੰਘ, ਹੰਸਾ ਸਿੰਘ ਆਦਿ ਸਮੇਤ ਪਰਿਵਾਰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਬੀਜੇਪੀ ਆਗੂ ਜਥੇਦਾਰ ਹਰਚਰਨ ਸਿੰਘ, ਡਾਕਟਰ ਮਨਦੀਪ ਸਿੰਘ,ਦਿਲਵਾਰਾ ਸਿੰਘ ਅਤੇ ਮੂਲਾ ਸਿੰਘ ਵਾਲਾ ਦੇ ਬੂਥ ਪ੍ਰਧਾਨ ਮਨਜੀਤ ਕੌਰ ਨੇ ਬੀਜੇਪੀ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਪਰਿਵਾਰ ਨੂੰ ਵਧਾਈਆਂ ਦਿੱਤੀ।

# ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖ਼ਤਰਨਾਕ ਪ੍ਰਦਰਸ਼ਨ ਅਤੇ ਸਟੰਟਾਂ *ਤੇ ਪੂਰਨ ਵਿੱਚ ਵਿੱਚ ਪਾਬੰਦੀ ਦੇ ਹੁਕਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪ੍ਰੈਲ INTERNATIONAL PAPER, 94636 01616 hardipchumber57@gmail.com

ਮਾਨਸਾ, 06 ਅਪ੍ਰੈਲ : (ਆਤਮਾ ਸਿੰਘ ਪਮਾਰ) ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਆਕਾਸ਼ ਬਾਂਸਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਦੀ ਹਦੂਦ ਅੰਦਰ ਟਰੈਕਟਰਾਂ ਅਤੇ ਸਬੰਧਤ ਸੰਦਾਂ ਆਦਿ ਦੇ ਖ਼ਤਰਨਾਕ ਪ੍ਰਦਰਸ਼ਨ/ਸਟੰਟ ਨੂੰ ਆਯੋਜਿਤ ਕਰਨ *ਤੇ ਪੂਰਨ ਤੌਰ *ਤੇ ਪਾਬੰਦੀ ਲਗਾਈ ਹੈ।

ਹੁਕਮ ਵਿੱਚ ਉਨ੍ਹਾਂ ਕਿਹਾ ਕਿ ਉਪ ਸਕੱਤਰ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਗ੍ਰਹਿ—5 ਸ਼ਾਖਾ) ਨੇ ਪੱਤਰ ਰਾਹੀਂ ਲਿਖਿਆ ਹੈ ਕਿ ਰਾਜ ਵਿੱਚ ਬੀਤੇ ਦਿਨੀਂ ਕੁੱਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਟਰੈਕਟਰ ਅਤੇ ਸਬੰਧਤ ਸੰਦਾਂ ਦੇ ਖ਼ਤਰਨਾਕ ਪ੍ਰਦਰਸ਼ਨ/ਸਟੰਟ ਦੌਰਾਨ ਨੌਜਵਾਨਾਂ ਨੂੰ ਗੰਭੀਰ ਸੱਟਾਂ ਆਈਆਂ ਹਨ ਅਤੇ ਇੱਕ ਨੌਜਵਾਨ ਦੀ ਮੌਤ ਵੀ ਹੋ ਗਈ ਹੈ।

ਇਸ ਲਈ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖ਼ਤਰਨਾਕ ਪ੍ਰਦਰਸ਼ਨ/ਸਟੰਟ *ਤੇ ਪਾਬੰਦੀ ਲਗਾਈ ਜਾਂਦੀ ਹੈ। ਇਹ ਹੁਕਮ 31 ਮਈ 2025 ਤੱਕ ਲਾਗੂ ਰਹੇਗਾ।

# ਨਗਰ ਕੌਂਸਲ ਮੋਰਿੰਡਾ ਵੱਲੋਂ ਸਾਲ 2025- 26 ਲਈ 1228.34 ਲੱਖ ਰੁਪਏ ਦਾ ਬੱਜਟ ਪਾਸ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com



ਮੋਰਿੰਡਾ 6 ਅਪ੍ਰੈਲ ( ਪਤਰ ਪ੍ਰੇਰਕ) ਸਥਾਨਕ ਨਗਰ ਕੌਂਸਲ ਵਲੋਂ ਸਾਲ 2025-26 ਦੀ ਬਜਟ ਮੀਟਿੰਗ 27 ਮਾਰਚ ਨੂੰ ਕੌਂਸਲ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਹਾਜ਼ਰ ਕੌਂਸਲਰਾਂ ਵੱਲੋ 1228.34 ਲੱਖ ਰੁਪਏ ਦਾ ਅਨੁਮਾਨਤ ਬਜਟ ਪ੍ਰਵਾਨ ਕੀਤਾ ਗਿਆ , ਜਿਸ ਵਿੱਚੋ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਕੀਤੇ ਜਾਣੇ ਵਾਲੇ ਕਮਿੰਟਡ ਤੇ ਨਾਨ ਕਮਿੰਟਡ ਵਿਕਾਸ ਕਾਰਜਾਂ ਤੇ 740.02 ਲੱਖ ਰੁਪਏ, ਖਰਚ ਕੀਤੇ ਜਾਣਗੇ ,ਜੋ ਕਿ ਅਨੁਮਾਨਤ ਬਜਟ ਦਾ 60 % ਬਨਦਾ ਹੈ। ਜਦਕਿ ਨਗਰ ਕੌਂਸਲ ਕੋਲ 483.59 ਲੱਖ ਰੁਪਏ ਅੰਤਿਮ ਬਕਾਇਆ ਰਾਸ਼ੀ ਵਜੋ ਜਮਾ ਹੋਣ ਕਾਰਨ ਕੌਂਸਲ ਵੱਲੋ 1711.93 ਲੱਖ ਰੁਪਏ ਖਰਚਣ ਯੋਗ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆ ਨਗਰ ਕੌਂਸਲ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ ਨੇ ਦੱਸਿਆ ਕਿ ਮੀਟਿੰਗ ਵਿੱਚ ਕੌਂਸਲ ਦੇ ਕਾਰਜ ਸਾਧਕ ਅਫਸਰ ਸ੍ਰੀ ਪਰਵਿੰਦਰ ਸਿੰਘ ਭੱਟੀ ਵੱਲੋਂ ਸਾਲ 2025-2026 ਲਈ ਕੌਂਸਲ ਦੀ ਲੇਖਾ ਸ਼ਾਖਾ ਵੱਲੋਂ ਤਿਆਰ ਕੀਤਾ ਬਜਟ ਪੇਸ਼ ਕੀਤਾ ਗਿਆ। ਉਹਨਾਂ ਦੱਸਿਆ ਕਿ ਇਹ ਬਜਟ ਨਗਰ ਕੌਂਸਲ ਨੂੰ ਸਾਲ 2024 - 2025 ਦੌਰਾਨ ਹੋਈ ਆਮਦਨ ਦੇ ਅਧਾਰ ਤੇ ਤਿਆਰ ਕੀਤਾ ਗਿਆ ਹੈ। ਕੌਂਸਲ ਦੇ ਪ੍ਰਧਾਨ ਨੇ ਦੱਸਿਆ ਕਿ ਨਗਰ ਕੌਂਸਲ ਨੂੰ ਸਾਲ 2024-25 ਦੌਰਾਨ ਜੀ ਐਸ ਟੀ ਸ਼ੇਅਰ ਮੱਦ ਅਧੀਨ 350 ਲੱਖ ਰੁਪਏ ਆਮਦਨ ਦਾ ਬਜਟ ਉਪਬੰਧ ਕੀਤਾ ਗਿਆ ਸੀ। ਜਦ ਕਿ ਨਗਰ ਕੌਂਸਲ ਨੂੰ ਜੀ ਐਸ ਟੀ ਸ਼ੇਅਰ ਵਜੋਂ 31 ਮਾਰਚ 2025 ਤੱਕ 380. 95 ਲੱਖ ਰੁਪਏ ਦੀ ਆਮਦਨ ਹੋਈ ਸੀ, ਇਸ ਲਈ ਸਾਲ 2025-26 ਲਈ ਇਸ ਮੱਦ ਅਧੀਨ 400 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਹ ਆਮਦਨ ਪੰਜਾਬ ਸਰਕਾਰ ਤੋਂ ਪ੍ਰਾਪਤ ਹੁੰਦੀ ਹੈ। ਕੌਂਸਲ ਪ੍ਰਧਾਨ ਸ੍ਰੀ ਭਟੋਆ ਨੇ ਦੱਸਿਆ ਕਿ ਬਿਜਲੀ ਦੀ ਖਪਤ ਅਤੇ ਮਿਉਨਸੀਪਲ ਟੈਕਸ ਮੱਦ ਅਧੀਨ ਸਾਲ 2023-24 ਲਈ 40 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਪ੍ਰੰਤੂ 31 ਮਾਰਚ 2025 ਤੱਕ ਇਸ ਮੱਦ ਅਧੀਨ ਨਗਰ ਕੌਂਸਲ ਨੂੰ ਕੋਈ ਆਮਦਨ ਨਹੀਂ ਹੋਈ, ਜਿਸ ਕਾਰਨ ਇਸ ਮੱਦ ਅਧੀਨ ਮੁੜ 40 ਲੱਖ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ । ਉਹਨਾਂ ਦੱਸਿਆ ਕਿ ਪ੍ਰੋਪਰਟੀ ਟੈਕਸ ਵਜੋਂ ਨਗਰ ਕੌਂਸਲ ਵੱਲੋਂ ਸਾਲ 2024-25 ਲਈ 65 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਸੀ ਜਦ ਕਿ ਨਗਰ ਕੌਂਸਲ ਨੂੰ 31 ਮਾਰਚ 2025 ਤੱਕ 65.03 ਲੱਖ ਰੁਪਏ ਦੀ ਆਮਦਨ ਹੋਈ ਸੀ। ਇਸ ਲਈ ਸਾਲ 2025-26 ਲਈ ਇਸ ਮੱਦ ਅਧੀਨ 71.50 ਲੱਖ ਰੁਪਏ ਬਜਟ ਦਾ ਉਪਬੰਧ ਕੀਤਾ ਗਿਆ ਹੈ। ਕੌਂਸਲ ਪ੍ਰਧਾਨ ਨੇ ਦੱਸਿਆ ਕਿ ਸਾਲ 2024-25 ਲਈ ਬੱਸ ਅੱਡਾ ਫੀਸ ਦਾ ਬਜਟ ਉਪਬੰਧ 25 ਲੱਖ ਰੁਪਏ ਰੱਖਿਆ ਗਿਆ ਸੀ। ਪਰੰਤੂ ਨਗਰ ਕੌਂਸਲ ਨੂੰ 31 ਮਾਰਚ 2025 ਤੱਕ 10.15 ਲੱਖ ਰੁਪਏ ਦੀ ਆਮਦਨ ਹੋਈ ਹੈ, ਇਸ ਲਈ ਬੱਸ ਅੱਡਾ ਫੀਸ ਮੱਦ ਅਧੀਨ ਸਾਲ 2025-26 ਲਈ 14.50 ਲੱਖ ਰੁਪਏ ਬਜਟ ਦਾ ਉਪਬੰਧ ਕੀਤਾ ਗਿਆ ਹੈ। ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਭਟੋਆ ਨੇ ਦੱਸਿਆ ਕਿ ਵਿਗਿਆਪਨ ਕਰ ਵਜੋਂ ਸਾਲ 2024-25 ਲਈ 4.50 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਸੀ ਜਦ ਕਿ ਨਗਰ ਕੌਂਸਲ ਨੂੰ 31 ਮਾਰਚ 2025 ਤੱਕ ਆਮਦਨ 4.57 ਲੱਖ ਰੁਪਏ ਦੀ ਹੋਈ ਹੈ। ਇਸ ਲਈ ਸਾਲ 2025-26 ਲਈ ਇਸ ਮੱਦ ਅਧੀਨ 4.95 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਨਗਰ ਕੌਂਸਲ ਨੂੰ ਵੱਖ ਵੱਖ ਦੁਕਾਨਾਂ ਤੇ ਹੋਰ ਸਥਾਨਾਂ ਤੋਂ ਮਿਲਣ ਵਾਲੇ ਕਿਰਾਏ ਦੀ ਮੱਦ ਅਧੀਨ ਪਿਛਲੇ ਸਾਲ 50 ਲੱਖ ਦਾ ਬਜਟ ਉਪਬੰਧ ਕੀਤਾ ਗਿਆ ਸੀ, ਜਦ ਕਿ ਨਗਰ ਕੌਂਸਲ 31 ਮਾਰਚ 25 ਤੱਕ ਆਮਦਨ 30.26 ਲੱਖ ਹੋਈ ਹੈ। ਇਸ ਲਈ ਇਸ ਮੱਦ ਅਧੀਨ 55 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ। ਕੌਂਸਲ ਪ੍ਰਧਾਨ ਨੇ ਦੱਸਿਆ ਕਿ ਬਿਲਡਿੰਗ ਐਪਲੀਕੇਸ਼ਨ ਫੀਸ ਮੱਦ ਅਧੀਨ ਸਾਲ 2024-25 ਲਈ 220 ਲੱਖ ਰੁਪਏ ਦੀ ਆਮਦਨ ਦਾ ਬਜਟ ਉਪਬੰਧ ਕੀਤਾ ਗਿਆ ਸੀ , ਜਦਕਿ ਨਗਰ ਕੌਂਸਲ ਨੂੰ 31 ਮਾਰਚ 2025 ਤੱਕ 357 .70 ਲੱਖ ਰੁਪਏ ਦੀ ਆਮਦਨ ਹੋਈ ਸੀ। ਇਸ ਲਈ ਸਾਲ 2025-26 ਲਈ ਇਸ ਮੱਦ ਅਧੀਨ 300 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ । ਇੱਥੇ ਇਹ ਵੀ ਦੱਸਣ ਯੋਗ ਹੈ ਕਿ ਇਸ ਸਮੇਂ ਨਕਸ਼ਿਆਂ ਦਾ ਕੰਮ ਆਨਲਾਈਨ ਚੱਲ ਰਿਹਾ ਹੈ ਅਤੇ ਨਕਸ਼ਿਆਂ ਤੋਂ ਪ੍ਰਾਪਤ ਹੋਣ ਵਾਲੀ ਫੀਸ ਪੰਜਾਬ ਸਰਕਾਰ ਵੱਲੋਂ ਸਿੱਧੀ ਨਗਰ ਕੌਂਸਲ ਨੂੰ ਭੇਜੀ ਜਾਂਦੀ ਹੈ। ਲਾਈਸੈਂਸ ਬਣਾਉਣ ਸਬੰਧੀ ਮੱਦ ਅਧੀਨ ਸਾਲ 2024-25 ਲਈ 1.20 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਸੀ ਜਦ ਕਿ 31 ਮਾਰਚ 25 ਤੱਕ ਆਮਦਨ 0.63 ਲੱਖ ਰੁਪਏ ਦੀ ਹੋਈ ਹੈ, ਇਸ ਲਈ ਸਾਲ 2025-26 ਲਈ ਇਸ ਮੱਧ ਅਧੀਨ ਬਜਟ ਮੁੜ 1.20 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਕੌਂਸਲ ਪ੍ਰਧਾਨ ਨੇ ਦੱਸਿਆ ਕਿ ਅਡੀਸ਼ਨਲ ਐਕਸਾਈਜ਼ ਡਿਊਟੀ ਮੱਦ ਅਧੀਨ ਨਗਰ ਕੌਂਸਲ ਵੱਲੋਂ ਸਾਲ 2024 -25 ਲਈ 132 ਲੱਖ ਰੁਪਏ ਦਾ ਬਜਟ ਪ੍ਰਬੰਧ ਕੀਤਾ ਗਿਆ ਸੀ ਪਰੰਤੂ ਇਸ ਮੱਦ ਅਧੀਨ ਕੌਂਸਲ ਨੂੰ 31 ਮਾਰਚ 25 ਤੱਕ ਆਮਦਨ 97.33 ਰੁਪਏ ਹੋਏ ਸੀ ਇਸ ਲਈ ਸਾਲ 2024-25 ਲਈ ਮੁੜ ਇਸ ਮੱਦ ਅਧੀਨ 145 ਲੱਖ ਰੁਪਏ ਦੇ ਬਜਟ ਉਪਬੰਧ ਕੀਤਾ ਗਿਆ ਹੈ। ਕੌਂਸਲ ਪ੍ਰਧਾਨ ਨੇ ਦੱਸਿਆ ਕਿ ਹੋਰ ਸਾਧਨਾ ਅਧੀਨ ਹੋਣ ਵਾਲੀ ਆਮਦਨ ਲਈ ਸਾਲ 2024-25 ਲਈ 50.30 ਲੱਖ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਸੀ ਜਦਕਿ ਇਸ ਮੱਦ ਅਧੀਨ 31 ਮਾਰਚ 2025 ਤੱਕ 58. 33 ਲੱਖ ਰੁਪਏ ਦੀ ਆਮਦਨ ਹੋਈ ਹੈ, ਇਸ ਲਈ ਸਾਲ 2025- 26 ਲਈ ਇਸ ਮੱਦ ਅਧੀਨ 67.89 ਲੱਖ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ। ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਜਗਦੇਵ ਸਿੰਘ ਭਟੋਆ ਨੇ ਦੱਸਿਆ ਕਿ ਸਾਲ 2025-26 ਲਈ ਨਗਰ ਕੌਂਸਲ ਵੱਲੋਂ 1228.34 ਲੱਖ ਰੁਪਏ ਦੇ ਖਰਚ ਕਰਨ ਦਾ ਉਪਬੰਧ ਕੀਤਾ ਗਿਆ ਹੈ। ਜਿਸ ਵਿੱਚੋਂ ਅਮਲਾ ਮੱਦ ਅਧੀਨ ਮੁਲਾਜ਼ਮਾਂ ਤੇ 425.02 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ, ਜਿਹੜਾ ਕਿ ਨਗਰ ਕੌਂਸਲ ਨੂੰ ਹੋਣ ਵਾਲੀ ਬਜਟਡ ਆਮਦਨ ਦਾ 35% ਬਣਦਾ ਹੈ। ਉਹਨਾਂ ਦੱਸਿਆ ਕਿ ਇਸੇ ਤਰ੍ਹਾਂ ਕੰਟਨਜੈਂਸੀ ਮੱਦ ਅਧੀਨ ਸਾਲ 2025-26 ਲਈ 63.30 ਲੱਖ ਦਾ ਉਪਬੰਧ ਕੀਤਾ ਗਿਆ ਹੈ। ਜਿਹੜਾ ਕਿ ਬਜਟਡ ਆਮਦਨ ਦਾ 5 % ਬਣਦਾ ਹੈ। ਸ੍ਰੀ ਭਟੋਆ ਨੇ ਦੱਸਿਆ ਕਿ ਨਗਰ ਕੌਂਸਲ ਨੂੰ ਹੋਣ ਵਾਲੀ ਆਮਦਨ ਵਿੱਚੋਂ ਸਾਲ 2025- 26 ਦੌਰਾਨ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਹੋਣ ਵਾਲੇ ਕਮਿੰਟਡ ਤੇ ਨਾਨ ਕਮਿੰਟਡ ਵਿਕਾਸ ਕਾਰਜਾਂ ਤੇ 740.02 ਲੱਖ ਰੁਪਏ, ਖਰਚ ਕਰਨ ਦਾ ਬਜਟ ਉਪਬੰਧ ਕੀਤਾ ਗਿਆ ਹੈ ਜਿਹੜਾ ਕਿ ਕੁੱਲ ਪਾਸ ਕੀਤੇ ਬਜਟ ਦਾ 60 % ਬਣਦਾ ਹੈ। ਸ੍ਰੀ ਭਟੋਆ ਨੇ ਦੱਸਿਆ ਕਿ ਇਸ ਖਰਚ ਵਿੱਚ ਸਟਰੀਟ ਲਾਈਟ ਬਿੱਲ, ਮੇਨਟੀਨੈਸ ,ਸਫਾਈ ਦਾ ਠੇਕਾ, ਆਊਟ ਸੋਰਸ ਫਾਇਰ ਸਟਾਫ ਅਤੇ ਬੱਸ ਅੱਡਾ ਲੀਜ ਮਨੀ ਆਦਿ ਲਈ ਖਰਚਿਆ ਜਾਣ ਵਾਲਾ 320.27 ਲੱਖ ਰੁਪਏ ਦਾ ਕਮਿਟਡ ਖਰਚਾ ਵੀ ਸ਼ਾਮਿਲ ਹੈ ਸ੍ਰੀ ਭਟੋਆ ਨੇ ਦੱਸਿਆ ਕਿ ਨਗਰ ਕੌਂਸਲ ਦੇ ਕਾਰਜਸਾਧਕ ਅਧਿਕਾਰੀ ਸ੍ਰੀ ਪਰਵਿੰਦਰ ਸਿੰਘ ਭੱਟੀ ਵੱਲੋਂ ਮੱਦ ਅਨੁਸਾਰ ਪੇਸ਼ ਕੀਤੀਆਂ ਗਈਆਂ ਬਜਟ ਤਜਵੀਜ਼ਾਂ ਨੂੰ ਮੀਟਿੰਗ ਵਿੱਚ ਹਾਜ਼ਰ ਕੌਂਸਲਰਾਂ ਵੱਲੋ ਪ੍ਰਵਾਨਗੀ ਦਿੱਤੀ ਗਈ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਬਿਨਾਂ ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਕੌਰ , ਕੌਂਸਲਰ ਰਕੇਸ਼ ਕੁਮਾਰ ਬੱਗਾ, ਸੁਖਜਿੰਦਰ ਸਿੰਘ ਕਾਕਾ, ਰਜੇਸ਼ ਕੁਮਾਰ ਸਿਸੋਦੀਆ, ਹਰਜੀਤ ਸਿੰਘ ਸੋਢੀ, ਰਾਜਪ੍ਰੀਤ ਸਿੰਘ ਰਾਜੀ, ਸ਼੍ਰੀਮਤੀ ਕਮਲੇਸ਼ ਕੁਮਾਰੀ , ਸ਼੍ਰੀਮਤੀ ਹਰਪਾਲ ਕੌਰ ਭੰਗੂ, ਬਬੀਤਾ ਰਾਣੀ, ਰਿੰਪੀ ਕੁਮਾਰ, ਦਿਲਜੀਤ ਕੌਰ ਭਾਮੀਆ, ਮੋਨਿਕਾ ਸ਼ਰਮਾ ਆਦਿ ਵੀ ਹਾਜ਼ਰ ਸਨ।

# ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ‘ਤੇ ਢਾਹੇ ਜਬਰ ਦੇ ਵਿਰੋਧ ‘ਚ ਹਲਕਾ ਸਰਦੂਲਗੜ੍ਹ ਵਿਧਾਇਕ ਦੇ ਘਰ ਅੱਗੇ ਦਿੱਤਾ ਰੋਸ ਧਰਨਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com



ਮਾਨਸਾ, 06 ਅਪ੍ਰੈਲ ( ਆਤਮਾ ਸਿੰਘ ਪਮਾਰ ) ਆਦਰਸ਼ ਸਕੂਲ ਚਾਉਕੇ ਦੀ ਪ੍ਰਬੰਧਕੀ ਕਮੇਟੀ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਅਤੇ ਵਿਦਿਆਰਥੀਆਂ ਨਾਲ ਕੀਤੀਆਂ ਜਾ ਰਹੀਆਂ ਬੇਇਨਸਾਫ਼ੀਆਂ ਖਿਲਾਫ਼ ਬੋਲਣ ਵਾਲੇ ਅਧਿਆਪਕਾਂ ਨੂੰ ਇਸ ਪ੍ਰਬੰਧਕੀ ਕਮੇਟੀ ਵੱਲੋਂ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਜਿਸ ਦੇ ਖਿਲਾਫ਼ ਇਹ ਪੀੜਤ ਅਧਿਆਪਕ , ਬੱਚਿਆਂ ਦੇ ਮਾਪੇ ਅਤੇ ਭਰਾਤਰੀ ਜਥੇਬੰਦੀਆਂ ਸਕੂਲ ਅੱਗੇ ਲਗਾਤਾਰ ਰੋਸ ਧਰਨਾ ਲਗਾ ਕੇ ਹੱਕੀ ਸੰਘਰਸ਼ ਕਰ ਰਹੀਆਂ ਸਨ ।ਕੱਲ ਸਵੇਰੇ ਪੰਜਾਬ ਪੁਲਿਸ ਵੱਲੋਂ ਇਸ ਮੋਰਚੇ ‘ਤੇ ਹਮਲਾ ਕਰਕੇ ਅਧਿਆਪਕਾਂ, ਮਾਪਿਆਂ ਅਤੇ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਦੀ ਜ਼ਾਲਮਾਨਾ ਕੁੱਟਮਾਰ ਕਰਕੇ ਉਹਨਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ।ਪੰਜਾਬ ਸਰਕਾਰ ਦੀ ਇਸ ਦਮਨਕਾਰੀ ਕਾਰਵਾਈ ਦੇ ਵਿਰੋਧ ‘ਚ ਅੱਜ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਅਤੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ ਵੱਲੋਂ ਹਲਕਾ ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਦੇ ਘਰ ਅੱਗੇ ਧਰਨਾ ਦਿੱਤਾ ਗਿਆ|ਇਸ ਧਰਨੇ ਵਿੱਚ ਡੀ ਟੀ ਐਫ਼ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਵੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ|ਸੂਬਾ ਪ੍ਰਧਾਨ ਦਿਗ ਵਿਜੇਪਾਲ ਸ਼ਰਮਾ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿ ਆਦਰਸ਼ ਸਕੂਲ ਚਾਉਕੇ ਅੱਗੇ ਆਪਣੇ ਹੱਕ ਮੰਗ ਰਹੀਆਂ ਔਰਤ ਅਧਿਆਪਕਾਂ ਨੂੰ ਗੁੱਤਾਂ ਤੋਂ ਫੜ ਕੇ ਸੜਕਾਂ ‘ਤੇ ਘਸੀਟਿਆ ਗਿਆ। ਸੜਕਾਂ ‘ਤੇ ਡਾਂਗਾਂ ਦਾ ਮੀਂਹ ਵਰ੍ਹਾ ਕੇ ਅਧਿਆਪਕਾਂ ਦੀਆਂ ਪੱਗਾਂ ਰੋਲੀਆਂ ਗਈਆਂ|ਬਦਲਾਅ ਦੇ ਨਾਮ ਤੇ ਆਈ ਆਮ ਆਦਮੀ ਪਾਰਟੀ ਨੇ ਜ਼ਬਰ ਢਾਹੁਣ ਵਾਲੇ ਹੱਦਾਂ ਬੰਨੇ ਪਾਰ ਕਰ ਦਿੱਤੇ ਹਨ|ਉਹਨਾਂ ਨੇ ਕਿਹਾ ਕਿ ਕਾਰਪੋਰੇਟਾਂ ਦੇ ਹਮਲੇ ਨੂੰ ਰੋਕਣ ਲਈ ਸਮਾਜ ਦੇ ਲੜ ਰਹੇ ਤਬਕੇ ਨੂੰ ਵੱਡੀ ਲੋਕ ਏਕਤਾ ਉਸਾਰਨੀ ਪਵੇਗੀ | ਇਸ ਸਮੇਂ ਡੀ ਟੀ ਐਫ਼ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਦੱਸਿਆ ਕਿ ਇੱਕ ਅਧਿਆਪਿਕਾ ਦੀ ਤਿੰਨ ਸਾਲ ਦੀ ਬੱਚੀ ਨੂੰ ਵੀ ਜੇਲ੍ਹ ਵਿੱਚ ਡੱਕ ਦਿੱਤਾ ਗਿਆ ਹੈ ਅਤੇ ਬਜ਼ੁਰਗ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ|ਆਗੂਆਂ ਨੇ ਮੰਗ ਕੀਤੀ ਕਿ ਬਰਖਾਸਤ ਅਧਿਆਪਕਾਂ ਨੂੰ ਤੁਰੰਤ ਨੌਕਰੀਆਂ ਤੇ ਹਾਜ਼ਰ ਕਰਵਾ ਕੇ ਸਕੂਲ ਦਾ ਪ੍ਰਬੰਧ ਸਰਕਾਰ ਨਿੱਜੀ ਹੱਥਾਂ ਤੋਂ ਵਾਪਸ ਲੈ ਕੇ ਇੰਨ੍ਹਾਂ ਸਾਰੇ ਸਕੂਲਾਂ ਨੂੰ ਆਪਣੇ ਹੱਥਾਂ ਵਿੱਚ ਲਵੇ|

ਇਸ ਮੌਕੇ ਰਾਜਵਿੰਦਰ ਬੈਹਣੀਵਾਲ ,ਤਰਸੇਮ ਬੋੜ੍ਹਾਵਾਲ, ਜਗਦੀਪ ਬੋੜ੍ਹਾਵਾਲ ਰਾਜਿੰਦਰ ਸਿੰਘ, ਕੁਲਦੀਪ ਸਿੰਘ, ਗੁਰਜੀਤ ਮਾਨਸਾ , ਸਿਕੰਦਰ ਢਿੱਲੋਂ ,ਮਨਦੀਪ ਕੋ ਟ ਲੀ , ਜ ਸ ਵਿੰ ਦ ਰ ਕਾਮਰੇਡ ਵੀ ਹਾਜ਼ਰ ਸਨ|

# ਮਜ਼ਦੂਰ ਵਰਗ ਦੀਆਂ ਜ਼ਰੂਰਤਾਂ ਨੂੰ ਤਰਜੀਹੀ ਅਧਾਰ ‘ਤੇ ਪੂਰਾ ਕਰਨ ਲਈ ਵਚਨਬੱਧ ਹਾਂ : ਹਰਪਾਲ ਸਿੰਘ ਚੀਮਾ

- ਪੱਲੇਦਾਰ ਯੂਨੀਅਨ ਦੇ ਸ਼ੈਡ ਲਈ 7.5 ਲੱਖ ਅਤੇ ਕਮਰੇ ਤੇ ਵਰਾਂਡੇ ਦੀ ਉਸਾਰੀ ਲਈ 20 ਲੱਖ ਰੁਪਏ ਦੀਆਂ ਗਰਾਂਟਾਂ ਦਿੱਤੀਆਂ: ਹਰਪਾਲ ਸਿੰਘ ਚੀਮਾ
- ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਜ਼ਾਦ ਪੱਲੇਦਾਰ ਯੂਨੀਅਨ ਦਿੜ੍ਹਬਾ ਵੱਲੋਂ ਆਯੋਜਿਤ ਧਾਰਮਿਕ ਸਮਾਗਮ ਵਿੱਚ ਕੀਤੀ ਸ਼ਿਰਕਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 06 ਅਪਰੈਲ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਦਿੜ੍ਹਬਾ/ਸੰਗਰੂਰ, 6 ਅਪ੍ਰੈਲ, 2025: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਹਰੇਕ ਵਰਗ ਦੀਆਂ ਜਰੂਰਤਾਂ ਨੂੰ ਪ੍ਰਮੁਖਤਾ ਦੇ ਆਧਾਰ ‘ਤੇ ਪੂਰਾ ਕੀਤਾ ਜਾ ਰਿਹਾ ਹੈ ਅਤੇ ਇਸੇ ਲੜੀ ਤਹਿਤ ਦਿੜ੍ਹਬਾ ਵਿਖੇ ਪੱਲੇਦਾਰ ਮਜ਼ਦੂਰਾਂ ਦੀਆਂ ਸੁਵਿਧਾਵਾਂ ਵਿੱਚ ਵਾਧਾ ਕਰਨ ਲਈ ਪਿਛਲੇ ਇੱਕ ਸਾਲ ਦੇ ਅੰਦਰ ਅੰਦਰ 27.50 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ । ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਆਜ਼ਾਦ ਪੱਲੇਦਾਰ ਯੂਨੀਅਨ ਦਿੜ੍ਹਬਾ ਵੱਲੋਂ ਕਣਕ ਦੇ ਸੀਜਨ ਦੀ ਸ਼ੁਰੂਆਤ ਮੌਕੇ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਰਖਵਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮਜ਼ਦੂਰ ਵਰਗ ਸਖਤ ਮਿਹਨਤ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਹਨ ਅਤੇ ਸਾਡਾ ਵੀ ਇਹ ਫਰਜ਼ ਬਣਦਾ ਹੈ ਕਿ ਮਜ਼ਦੂਰ ਭਰਾਵਾਂ ਦੀਆਂ ਸੁੱਖ ਸੁਵਿਧਾਵਾਂ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਉਦਮ ਕੀਤੇ ਜਾਣ।

ਕੈਬਿਨਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ 7.50 ਲੱਖ ਰੁਪਏ ਦੀ ਲਾਗਤ ਨਾਲ ਸ਼ੈਡ ਬਣਵਾਇਆ ਗਿਆ ਹੈ ਜਦ ਕਿ 20 ਲੱਖ ਰੁਪਏ ਨਾਲ ਕਮਰੇ ਅਤੇ ਵਰਾਂਡੇ ਦੀ ਉਸਾਰੀ ਦੇ ਕਾਰਜ ਤੇਜੀ ਨਾਲ ਚੱਲ ਰਹੇ ਹਨ ਜੋ ਕਿ ਆਉਣ ਵਾਲੇ ਕੁਝ ਸਮੇਂ ਵਿੱਚ ਮੁਕੰਮਲ ਹੋ ਜਾਣਗੇ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਨਾਜ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਪ੍ਰਸ਼ਾਸਨਿਕ ਪ੍ਰਬੰਧ ਪੂਰੀ ਤਰ੍ਹਾਂ ਮੁਕੰਮਲ ਹਨ ਅਤੇ ਜਿਵੇਂ ਹੀ ਮੰਡੀਆਂ ਵਿੱਚ ਕਣਕ ਦੀ ਆਮਦ ਹੋਵੇਗੀ ਤਾਂ ਨਾਲੋਂ ਨਾਲ ਸਰਕਾਰੀ ਏਜੰਸੀਆਂ ਵੱਲੋਂ ਖਰੀਦ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਉਹ ਰੋਜ਼ਾਨਾ ਦੇ ਆਧਾਰ ਤੇ ਦਿੜ੍ਹਬਾ ਹਲਕੇ ਅਧੀਨ ਆਉਂਦੀਆਂ ਅਨਾਜ ਮੰਡੀਆਂ ਵਿੱਚ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ, ਟਰਾਂਸਪੋਰਟਰਾਂ ਸਮੇਤ ਹਰ ਵਰਗ ਦੀਆਂ ਸੁਵਿਧਾਵਾਂ ਨੂੰ ਯਕੀਨੀ ਬਣਾਉਣ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਰਹਿਣਗੇ।

ਇਸ ਮੌਕੇ ਆਜ਼ਾਦ ਪੱਲੇਦਾਰ ਯੂਨੀਅਨ ਦਿੜ੍ਹਬਾ ਦੇ ਅਹੁਦੇਦਾਰਾਂ ਨੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਪ੍ਰੀਤਮ ਸਿੰਘ ਪੀਤੂ ਵੀ ਮੌਜੂਦ ਸਨ।

# ਮਾਂ ਰੱਬ ਦਾ ਰੂਪ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 9463601616
hardipchumber57@gmail.com

ਮਾਂ ਇਹ ਸ਼ਬਦ ਜਦ ਜ਼ੁਬਾਨ ‘ਤੇ ਆਉਂਦਾ ਹੈ, ਤਾਂ ਹਿਰਦਾ ਇੱਕ ਅਜਿਹੀ ਭਾਵਨਾ ਨਾਲ ਭਰ ਜਾਂਦਾ ਹੈ ਜਿਸਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਮਾਂ ਉਹ ਕਵਿਤਾ ਹੈ ਜਿਸ ਨੂੰ ਰੱਬ ਨੇ ਆਪਣੇ ਹੱਥੀਂ ਲਿਖਿਆ, ਮਾਂ ਉਹ ਨਗਮਾ ਹੈ ਜਿਸ ਦੀ ਧੁਨ ਸਦੀਵੀ ਹੈ। ਉਹ ਆਪਣੀ ਖੁਸ਼ੀ ਵਿੱਚ ਨਹੀਂ, ਬਲਕਿ ਬੱਚਿਆਂ ਦੀ ਖੁਸ਼ੀ ਵਿੱਚ ਆਪਣਾ ਜੀਵਨ ਲੱਭਦੀ ਹੈ।ਜਦੋਂ ਇੱਕ ਮਾਂ ਗਰਭ ਵਿੱਚ ਬੱਚਾ ਧਾਰਦੀ ਹੈ, ਤਾਂ ਉਹ ਪਹਿਲੀ ਵਾਰੀ ਮੌਤ ਨਾਲ ਮੁਲਾਕਾਤ ਕਰਦੀ ਹੈ। ਉਹ ਹਰ ਤਕਲੀਫ਼ ਸਹਿ ਕੇ ਵੀ ਮੰਨ ਲੈਂਦੀ ਹੈ, "ਜੇ ਮੇਰੇ ਬੱਚੇ ਨੂੰ ਸਹੂਲਤ ਹੋਵੇ, ਤਾਂ ਮੇਰੇ ਲਈ ਦੁੱਖ ਵੀ ਸੁਖ ਵਰਗਾ ਹੈ।" ਨੌਂ ਮਹੀਨੇ ਦਾ ਸਫਰ ਨਾ ਸਿਰਫ਼ ਜਿਸਮਾਨੀ ਤਕਲੀਫਾਂ ਨਾਲ ਭਰਿਆ ਹੁੰਦਾ ਹੈ, ਬਲਕਿ ਇੱਕ ਨਵੀਂ ਜ਼ਿੰਦਗੀ ਨੂੰ ਜਨਮ ਦੇਣ ਦੀ ਤਿਆਰੀ ਵੀ ਹੁੰਦੀ ਹੈ। ਮਾਂ ਆਪਣੇ ਆਪ ਨੂੰ ਹੌਲੀ-ਹੌਲੀ ਭੁੱਲਦੀ ਜਾਂਦੀ ਹੈ।

ਜਦੋਂ ਬੱਚਾ ਜਨਮ ਲੈਂਦਾ ਹੈ, ਮਾਂ ਆਪਣੀ ਨੀਂਦ, ਆਪਣਾ ਆਰਾਮ, ਆਪਣੀ ਭੁੱਖ, ਹਰ ਚੀਜ਼ ਤਿਆਗ ਦਿੰਦੀ ਹੈ। ਕਈ ਵਾਰ ਪਿਤਾ ਵੀ ਨਹੀਂ ਸਮਝ ਸਕਦਾ ਕਿ ਮਾਂ ਦੀਆਂ ਅੱਖਾਂ ਦੇ ਹੰਝੂ ਕਿਸੇ ਖੁਸ਼ੀ ਦੇ ਹਨ ਜਾਂ ਦਰਦ ਦੇ। ਪਰ ਮਾਂ ਦਾ ਦਿਲ ਉਹ ਦਰਿਆ ਹੈ ਜੋ ਆਪਣੇ ਬੱਚਿਆਂ ਲਈ ਹਮੇਸ਼ਾ ਵਹਿੰਦਾ ਰਹਿੰਦਾ ਹੈ, ਬਿਨਾ ਕਿਸੇ ਉਮੀਦਾ ਦੇ।ਮਾਂ ਸਾਡੀ ਪਹਿਲੀ ਅਧਿਆਪਕ ਹੁੰਦੀ ਹੈ। ਉਹ ਸਾਨੂੰ ਬੋਲਣਾ ਸਿਖਾਉਂਦੀ ਹੈ, ਤੁਰਨਾ ਸਿਖਾਉਂਦੀ ਹੈ, ਪਿਆਰ ਕਰਨਾ ਸਿਖਾਉਂਦੀ ਹੈ, ਜ਼ਿੰਦਗੀ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਵੀ। ਜੇਕਰ ਅਸੀਂ ਅੱਜ ਕੁਝ ਵੀ ਹਾਂ, ਤਾਂ ਉਹ ਸਿਰਫ਼ ਮਾਂ ਦੀਆਂ ਦੁਆਵਾਂ ਅਤੇ ਉਨ੍ਹਾਂ ਦੀ ਮਿਹਨਤ ਦੀ ਬਦੌਲਤ ਹੈ। ਮਾਂ ਅਕਸਰ ਕਦੇ ਆਪਣੀ ਵਡਿਆਈ ਨਹੀਂ ਚਾਹੁੰਦੀ। ਉਹ ਸਿਰਫ਼ ਆਪਣੇ ਬੱਚਿਆਂ ਦੀ ਕਾਮਯਾਬੀ ਵਿੱਚ ਆਪਣਾ ਗੁਰੂਰ ਲੱਭ ਲੈਂਦੀ ਹੈ।ਮਾਂ ਦਾ ਦਿਲ ਇੰਨਾ ਵੱਡਾ ਹੁੰਦਾ ਹੈ ਕਿ ਉਸ ਵਿੱਚ ਬੱਚਿਆਂ ਦੀ ਹਰ ਚੰਗੀ ਅਤੇ ਬੁਰੀ ਸਮਾਈ ਰਹਿੰਦੀ ਹੈ। ਜਦੋਂ ਅਸੀਂ ਰੋਂਦੇ ਹਾਂ, ਉਹ ਅੰਦਰੋਂ ਟੁੱਟਦੀ ਹੈ, ਪਰ ਮੂੰਹ ਤੇ ਹੌਂਸਲੇ ਦੀ ਹਸਤੀ ਲਿਆਉਂਦੀ ਹੈ। ਉਹ ਅਕਸਰ ਸਾਡੀਆਂ ਗਲਤੀਆਂ ਨੂੰ ਭੁਲਾ ਦਿੰਦੀ ਹੈ, ਪਰ ਕਦੇ ਵੀ ਸਾਡੇ ਪਿਆਰ ਨੂੰ ਨਹੀਂ। ਮਾਂ ਦੀ ਮਾਫੀ ਰੱਬ ਦੀ ਰਹਿਮਤ ਵਰਗੀ ਹੁੰਦੀ ਹੈ,ਜਿਹੜੀ ਕਿਸੇ ਕੀਮਤ ‘ਤੇ ਨਹੀਂ ਮਿਲਦੀ, ਸਿਰਫ਼ ਮੋਹ ਤੇ ਪਿਆਰ ਨਾਲ ਮਿਲਦੀ ਹੈ।ਕਈ ਵਾਰੀ ਅਸੀਂ ਮਾਂ ਨਾਲ ਉੱਚੀ ਆਵਾਜ਼ ‘ਚ ਗੱਲ ਕਰ ਬੈਠਦੇ ਹਾਂ,ਉਸਦੇ ਪਿਆਰ ਨੂੰ ਅਣਡਿੱਠਾ ਕਰ ਦੇਂਦੇ ਹਾਂ, ਉਸ ਦੀ ਸੇਵਾ ਕਰਨ ਦੀ ਥਾਂ ਉਸ ਤੋਂ ਉਲਟ ਬਰਤਾਵ ਕਰ ਬੈਠਦੇ ਹਾਂ। ਪਰ ਮਾਂ ਕਦੇ ਵੀ ਦਿਲ ‘ਚ ਰੰਜ ਨਹੀਂ ਰੱਖਦੀ। ਉਹ ਹਰ ਵਾਰੀ ਮਾਫ਼ ਕਰ ਦਿੰਦੀ ਹੈ, ਕਿਉਂਕਿ ਉਸ ਦੇ ਪਿਆਰ ਦੀ ਸੀਮਾ ਨਹੀਂ ਹੁੰਦੀ।

ਜਦ ਮਾਂ ਨਹੀਂ ਰਹਿੰਦੀ, ਤਾਂ ਘਰ ਦੇ ਕੰਡੇ ਵੀ ਸੁੰਨੇ ਪੈ ਜਾਂਦੇ ਹਨ। ਮਾਂ ਦੇ ਬਿਨਾ ਘਰ ਨਹੀਂ ਰਹਿੰਦਾ, ਉਹ ਇਮਾਰਤ ਬਣ ਜਾਂਦੀ ਹੈ। ਉਹ ਹਵਾ ਨਹੀਂ ਰਹਿੰਦੀ, ਉਹ ਚੁੱਪ ਹੋ ਜਾਂਦੀ ਹੈ। ਮਾਂ ਦੀ ਕਮੀ ਉਹ ਖਾਲੀਪਨ ਹੈ ਜਿਸਨੂੰ ਕੋਈ ਭਰ ਨਹੀਂ ਸਕਦਾ।ਸੱਚ ਪੁੱਛੋ ਤਾਂ, ਮਾਂ ਇੱਕ ਸੱਚਾ ਰੂਪ ਹੈ ਪਰਮਾਤਮਾ ਦਾ। ਮਾਂ ਦੇ ਪੈਰਾਂ ਹੇਠਾਂ ਜੰਨਤ ਕਿਉਂ ਹੁੰਦੀ ਹੈ..? ਕਿਉਂਕਿ ਉਹ ਹਕੀਕਤ ਵਿੱਚ ਸਾਡੀ ਜ਼ਿੰਦਗੀ ਦੀ ਜੜ੍ਹ ਹੈ। ਉਸ ਬਿਨਾ ਅਸੀਂ ਅਧੂਰੇ ਹਾਂ।



ਮਹਿਕਪ੍ਰੀਤ ਕੌਰ
ਬਾਬਾ ਫ਼ਰੀਦ ਕਾਲਜ਼ ਆਫ਼ ਐਜੂਕੇਸ਼ਨ
ਦਿਉਣ (ਬਠਿੰਡਾ)

ਪੇਸ਼ਕਸ਼ - ਅੰਗਰੇਜ਼ ਸਿੰਘ ਵਿੱਕੀ ਕੋਟਗੁਰੂ
ਮੋਬਾਇਲ 98888 70822

# ਦੁਨੀਆਂ ਦਾ ਸਭ ਤੋਂ ਅਨਮੋਲ ਪਿਓ ਧੀ ਦਾ ਰਿਸ਼ਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 06 ਅਪਰੈਲ
INTERNATIONAL PAPER, 9463601616
hardipchumber57@gmail.com

